ਅਹਿਮ ਲੇਖ

ਸਿੱਖੀ ਦੇ ਪਹਿਲੇ ਵਿਆਖਿਆਕਾਰ-ਭਾਈ ਗੁਰਦਾਸ ਜੀ

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਦਾਸ, ਸਤਿਗੁਰੂ ਦਾ ਸੇਵਕ, ਸੰਗਿਆ-ਭਾਈ ਗੁਰਦਾਸ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਵੀ ਜ਼ਿਕਰ ਹੈ: ਆਦਿ ਬ੍ਰਿਧ ਗੁਰਦਾਸ ਗਨ ਚਹੁੰ ਦਿਸਿ ਮੇ ਗੁਰਦਾਸ।

ਕੇਸਰ ਸਿੰਘ ਛਿੱਬਰ ਅਨੁਸਾਰ ਭਾਈ ਗੁਰਦਾਸ ਜੀ ਈਸ਼ਰ ਦਾਸ ਭੱਲੇ ਦੇ ਪੁੱਤਰ ਸਨ ਅਤੇ ਈਸ਼ਰ ਦਾਸ ਭੱਲਾ ਵਿਸ਼ਨ ਦਾਸ ਭੱਲੇ ਖੱਤਰੀ ਦੇ ਪਰਿਵਾਰ ਵਿੱਚੋਂ ਸੀ। ਵਿਸ਼ਨ ਦਾਸ ਭੱਲੇ ਦੇ ਪਰਿਵਾਰ ਬਾਰੇ ਕੇਸਰ ਸਿੰਘ ਛਿੱਬਰ ਨੇ ਇਸ ਤਰ੍ਹਾਂ ਲਿਖਿਆ ਹੈ ਕਿ ਵਿਸ਼ਨ ਦਾਸ ਭੱਲਾ ਬਾਸਰਕੇ ਪਿੰਡ ਵਿੱਚ ਰਹਿੰਦੇ ਸਨ। 1520 ਸੰਮਤ (1463 ਈ.) ਵਿੱਚ ਉਨ੍ਹਾਂ ਦੇ ਘਰ ਹਰਿ ਜੀ ਨਾਮੇ ਪੁੱਤਰ ਪੈਦਾ ਹੋਏ, ਜਿਨ੍ਹਾਂ ਦਾ 1538 ਸੰਮਤ (1481 ਈ.) ਵਿੱਚ ਮਰਵਾਹੇ ਜਾਤ ਦੇ ਖੱਤਰੀਆਂ ਦੇ ਘਰ ਵਿਆਹ ਕੀਤਾ ਗਿਆ। ਉਥੋਂ ਫਿਰ ਉੱਠ ਕੇ ਇਹ ਪਰਿਵਾਰ ਗਿਲਵਾਲੀ ਪਿੰਡ ਆ ਗਿਆ ਇਥੇ ਹੀ 1545 ਸੰਮਤ (1488 ਈ.) ਵਿੱਚ ਤੇਜੋ ਜੀ ਦਾ ਜਨਮ ਹੋਇਆ, ਜਿਨ੍ਹਾਂ ਦਾ 12 ਕੁ ਸਾਲ ਦੀ ਉਮਰ ਵਿੱਚ ਦੁਗਲ ਖੱਤਰੀਆਂ ਦੇ ਘਰ ਵਿਆਹ ਕੀਤਾ ਗਿਆ, ਇਸੇ ਸਾਲ ਹੀ ਇਹ ਪਰਿਵਾਰ ਵਾਪਸ ਬਾਸਰਕੇ ਪਿੰਡ ਵਿੱਚ ਆ ਗਿਆ। ਇੱਧਰ ਵਿਸ਼ਨ ਦਾਸ ਜੀ ਚੜ੍ਹਾਈ ਕਰ ਗਏ ਅਤੇ ਉਨ੍ਹਾਂ ਦੇ ਫੁਲ (ਪੁਸ਼ਪ) ਹਰਿਦੁਆਰ ਪਾਉਣ ਗਏ, ਹਰਿ ਜੀ ਵੀ ਹਰਿਦੁਆਰ ਹੀ ਚਲਾਣਾ ਕਰ ਗਏ। ਤੇਜ ਭਾਨ ਤੋਂ ਬਾਅਦ ਹਰਿ ਜੀ ਦੇ ਦੋ ਹੋਰ ਪੁੱਤਰ ਚੰਦਰ ਭਾਨ ਤੇ ਭਾਨ ਚੰਦ ਪੈਦਾ ਹੋਏ, ਅੱਗੇ ਚੰਦਰ ਭਾਨ ਦੇ ਘਰ ਦੋ ਪੁੱਤਰ ਦਾਤਾਰ ਚੰਦ ਤੇ ਈਸ਼ਰ ਦਾਸ ਪੈਦਾ ਹੋਏ। ਇਸੇ ਈਸ਼ਰ ਦਾਸ ਜੀ ਦੇ ਇਕਲੌਤੇ ਪੁੱਤਰ ਭਾਈ ਗੁਰਦਾਸ ਜੀ ਸਨ। ਭੱਟ ਵਹੀ ਤਲੌਂਡਾ ਪਰਗਨਾ ਜੀਂਦ ਵਿੱਚ ਵੀ ਭਾਈ ਗੁਰਦਾਸ ਜੀ ਦੇ ਪਿਤਾ ਦਾ ਨਾਮ ਈਸ਼ਰ ਦਾਸ ਹੀ ਲਿਖਿਆ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਈਸ਼ਰ ਦਾਸ ਭੱਲਾ ਜੀ ਦੇ ਪੁੱਤਰ ਸਨ।

ਭਾਈ ਗੁਰਦਾਸ ਜੀ ਬੀਬੀ ਭਾਨੀ ਜੀ ਦੇ ਨੇੜਿਓਂ ਭਾਈ ਸਨ। ਭਾਈ ਵੀਰ ਸਿੰਘ ਜੀ ਨੇ ਬੀਬੀ ਭਾਨੀ ਜੀ ਨੂੰ ਭਾਈ ਗੁਰਦਾਸ ਤੋਂ ਵੱਡੀ ਉਮਰ ਦੇ ਲਿਖਿਆ ਹੈ। ਬੀਬੀ ਭਾਨੀ ਜੀ ਦਾ ਜਨਮ 1590-91 ਬਿਕ੍ਰਮੀ (1533-34 ਈ.), ਭਾਈ ਗੁਰਦਾਸ ਜੀ ਦਾ ਜਨਮ ਭਾਈ ਵੀਰ ਸਿੰਘ ਅਨੁਸਾਰ 1600 ਬਿਕ੍ਰਮੀ ਤੋਂ 1610, (1543 ਤੋਂ 1553 ਈ.), ਗਾਲਬਨ ਅਨੁਸਾਰ ਸੰਮਤ 1603 ਬਿਕ੍ਰਮੀ ਮੁਤਾਬਿਕ ਸੰਨ 1546 ਈ. ਵਿੱਚ ਗੋਇੰਦਵਾਲ ਦੇ ਸਥਾਨ ਤੇ ਹੋਇਆ। ਗੋਇੰਦਵਾਲ ਉਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਤੋਂ ਆ ਕੇ ਹਾਲੇ ਨਵਾਂ ਹੀ ਆਬਾਦ ਕੀਤਾ ਸੀ ਤੇ ਇਸ ਸਥਾਨ ਦੀ ਬਹੁਤੀ ਮਹਾਨਤਾ ਇਸ ਕਰਕੇ ਵੀ ਸੀ ਕਿ ਉਸ ਸਮੇਂ ਇਹ ਨਗਰ ਦਿੱਲੀਓਂ-ਲਾਹੌਰ ਤੇ ਲਾਹੌਰੋਂ-ਦਿੱਲੀ ਜਾਣ ਵਾਲੇ ਸ਼ਾਹੀ ਕਾਫ਼ਲਿਆਂ ਤੇ ਹੋਰ ਯਾਤਰੂਆਂ ਦੀ ਆਵਾਜਾਈ ਵਾਸਤੇ ਇੱਕ ਪ੍ਰਮੁੱਖ ਕੇਂਦਰ ਸੀ। ਭਾਈ ਗੁਰਦਾਸ ਜੀ ਦਾ ਬਚਪਨ ਤੇ ਮੁੱਢਲਾ ਜੀਵਨ ਗੋਇੰਦਵਾਲ ਹੀ ਬੀਤਿਆ। ਆਪ ਅਜੇ ਤਿੰਨ ਸਾਲ ਦੇ ਸਨ ਤਾਂ ਪਿਤਾ ਜੀ ਅਕਾਲ ਚਲਾਣਾ ਕਰ ਗਏ। 12 ਸਾਲ ਦੀ ਉਮਰ ਵਿੱਚ ਮਾਤਾ ਜੀ ਵੀ ਚੜ੍ਹਾਈ ਕਰ ਗਏ। ਭਾਈ ਗੁਰਦਾਸ ਜੀ ਵਿਆਹੇ ਹੋਏ ਤਾਂ ਸਨ ਪਰ ਸੰਤਾਨ ਕੋਈ ਨਹੀਂ ਸੀ। ਭਾਈ ਸਾਹਿਬ ਜੀ ਅਰਬੀ, ਫਾਰਸੀ, ਹਿੰਦੀ ਤੇ ਸੰਸਕ੍ਰਿਤ ਦੀ ਵਿੱਦਿਆ ਪਰਾਪਤ ਕਰਨ ਪਿੱਛੋਂ ਗੁਰਸਿੱਖੀ ਦੇ ਪ੍ਰਚਾਰ ਲਈ ਵਿਚਰਦੇ ਰਹੇ।

ਸ੍ਰੀ ਗੁਰੂ ਅਮਰਦਾਸ ਜੀ ਤੋਂ ਪਿੱਛੋਂ ਭਾਈ ਗੁਰਦਾਸ ਜੀ ਨੇ ਆਪਣੇ ਬਜ਼ੁਰਗਾਂ ਦੇ ਕਦਮਾਂ 'ਤੇ ਚੱਲਦਿਆਂ ਹੋਇਆ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਤੋਂ 1636 ਵਿੱਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ। ਸ੍ਰੀ ਗੁਰੂ ਰਾਮਦਾਸ ਜੀ ਤੇ ਫੇਰ ਨਾਮ-ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਧੀਨ ਆਗਰੇ ਰਹਿ ਕੇ ਉਸ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਚਲਾਣੇ ਦੀ ਖ਼ਬਰ ਜਦ ਆਪ ਨੂੰ ਆਗਰੇ ਪੁੱਜਦੀ ਹੈ ਤਾਂ ਉਥੋਂ ਸੰਗਤ ਨਾਲ ਗੋਇੰਦਵਾਲ ਹੁੰਦੇ ਹੋਏ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਪੁੱਜਦੇ ਹਨ। ਗੁਰੂ ਅਰਜਨ ਦੇਵ ਜੀ ਆਪ ਨੂੰ ਮਿਲ ਕੇ ਬਹੁਤ ਪ੍ਰਸੰਨ ਹੁੰਦੇ ਹਨ। ਭਾਈ ਗੁਰਦਾਸ ਜੀ ਨੂੰ ਉਥੇ ਟਿਕ ਜਾਣ ਅਤੇ ਗੁਰੂ ਘਰ ਦੀ ਪੜ੍ਹਨ-ਲਿਖਣ ਦੀ ਸੇਵਾ-ਸੰਭਾਲਣ ਦੀ ਆਗਿਆ ਕਰਦੇ ਹਨ। ਭਾਈ ਗੁਰਦਾਸ ਜੀ ਖਿੜੇ ਮੱਥੇ ਆਗਿਆ ਤਾਂ ਪ੍ਰਵਾਨ ਕਰ ਲੈਂਦੇ ਹਨ ਪਰ ਬੇਨਤੀ ਕਰਦੇ ਹਨ:-

ਅਬਿ ਤੁਮ ਮੋ ਕਹੁ ਆਗਿਆ ਦੀਜੈ।
ਗੋਇੰਦਵਾਲ ਹੋਇ ਆਵੀਜੈ।
ਸੁਨਿ ਕੇ ਸਤਿਗੁਰ ਭਏ ਦਯਾਲੂ॥
ਜਾਵਉ ਫਿਰ ਆਵਉ ਤਤਕਾਲੂ॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰਿਆਈ ਖੋਹਣ ਲਈ ਕਾਫ਼ੀ ਹੱਦ-ਬੰਨੇ ਕਰ ਲਏ ਸਨ। ਉਹ ਗੁਰੂ ਘਰ ਦਾ ਵਿਰੋਧੀ ਸੀ ਤੇ ਗੁਰੂ ਘਰ ਦੀ ਭੇਂਟਾ ਉਹ ਉਗਰਾਹ ਰਿਹਾ ਸੀ। ਭਾਈ ਗੁਰਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਚਾਰੇ ਪਾਸੇ ਆਪਣੇ ਸਾਥੀ ਤੈਨਾਤ ਕਰਕੇ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਆਉਣ ਲਈ ਪ੍ਰੇਰਿਆ, 'ਵਾਰਾਂ ਗਿਆਨ ਰਤਨਾਵਲੀ' ਦੀ 36ਵੀਂ ਵਾਰ ਰਾਹੀਂ ਪ੍ਰਿਥੀ ਚੰਦ ਨੂੰ ਕੁੱਲ ਦਰੋਹੀ, ਕਪਟੀ, ਮੀਣਾ ਆਦਿ ਕਹਿ ਕੇ ਭ੍ਰਸ਼ਟਿਆ। ਇਹ ਦੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਅਜਿਹੀ ਸਖ਼ਤੀ ਤੋਂ ਰੋਕਿਆ ਤੇ ਸ਼ਰਾਪ ਵੀ ਦਿੱਤਾ ਪਰ ਭਾਈ ਗੁਰਦਾਸ ਜੋ ਆਪਣੀ ਧੁਨਿ ਦੇ ਬੜੇ ਪੱਕੇ ਸਨ, ਪ੍ਰਿਥੀ ਚੰਦ ਦੀ ਕੱਟੜ ਵਿਰੋਧਤਾ ਦੇ ਬਾਵਜੂਦ ਗੁਰੂ ਦਰਬਾਰ ਨੂੰ ਲੋਹੇ ਦੀ ਕੰਧ ਬਣ ਕੇ ਬਚਾਇਆ। ਭਾਈ ਗੁਰਦਾਸ ਜੀ ਦੇ ਸੁਭਾਅ ਤੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਦਸਵੰਧ ਦੀ ਮਰਿਯਾਦਾ ਬੰਨ੍ਹਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖੀ ਸਿੱਖਾਂ ਵਿੱਚੋਂ ਸਨ। ਹਰਿਮੰਦਰ ਸਾਹਿਬ ਦੀ ਰਚਨਾ ਤੇ ਉਸਾਰੀ ਸਮੇਂ ਵੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਦਿ ਮੁਖੀ ਸਿੱਖਾਂ ਦੀ ਸਲਾਹ ਤੇ ਸਹਿਯੋਗ ਸਤਿਗੁਰੂ ਜੀ ਨੂੰ ਪ੍ਰਾਪਤ ਸੀ। ਸਿੱਖ ਮੱਤ ਦੇ ਪ੍ਰਚਾਰਕ ਹੋ ਕੇ ਭਾਈ ਗੁਰਦਾਸ ਜੀ ਨੇ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ/ਲਾਹੌਰ, ਕਾਂਸ਼ੀ ਆਦਿ ਅਸਥਾਨਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਸਹਿਯੋਗ ਨਾਲ ਆਦਿ ਗ੍ਰੰਥ ਜੀ ਦੇ ਸੰਪਾਦਨ ਦਾ ਕੰਮ ਸੰਮਤ 1657 ਬਿਕਰਮੀ ਮੁਤਾਬਿਕ ਸੰਨ 1600 ਈ. ਵਿੱਚ ਇਸ ਤਰ੍ਹਾਂ ਸ਼ੁਰੂ ਕੀਤਾ ਕਿ ਪਹਿਲਾਂ ਆਪਣੇ ਨਾਨਕੇ ਘਰ ਗੋਇੰਦਵਾਲ ਸਾਹਿਬ ਤੋਂ ਮੋਹਨ ਤੇ ਮੋਹਰੀ ਜੀ ਦੀਆਂ ਗੁਰਬਾਨੀ ਦੀਆਂ ਦੋਵੇਂ ਪੁਰਾਤਨ ਪੋਥੀਆਂ, ਖੁਦ ਲੈ ਕੇ ਆਂਦੀਆਂ। ਫੇਰ ਹੋਰ ਦੂਰ ਨੇੜਿਓਂ ਜਿੱਥੇ ਵੀ ਗੁਰਬਾਨੀ ਦੇ ਹੱਥ ਲਿਖਤ ਸੰਗ੍ਰਹਿ ਦੇਖਣ-ਸੁਣਨ ਵਿੱਚ ਆਏ, ਤੁਰੰਤ ਮੰਗਵਾ ਲਏ। ਇਸ ਤਰ੍ਹਾਂ ਬਹੁਤ ਸਾਰਾ ਬਾਨੀ ਸੰਗ੍ਰਹਿ ਹੋਣ ਤੇ ਗੁਰੂ ਸਾਹਿਬ ਨੇ ਗੁਰਦੁਆਰਾ ਰਾਮਸਰ ਦੇ ਏਕਾਂਤ ਸਥਾਨ 'ਤੇ ਲਿਖਾਈ ਦਾ ਕੰਮ ਆਰੰਭ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਗੁਰੂ ਦਰਬਾਰ ਵਿੱਚ ਜਿਵੇਂ ਅਨੇਕ ਲਿਖਾਰੀ ਉਨ੍ਹਾਂ ਦੀ ਬਾਨੀ ਕ੍ਰਮਵਾਰ ਲਿਖਦੇ ਆਏ ਸਨ, ਤਿਵੇਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਵੀ ਭਾਈ ਸੰਤ ਦਾਸ, ਹਰੀਆ, ਸੁੱਖਾ ਤੇ ਮਨਸਾ ਰਾਮ ਚਾਰ ਲਿਖਾਰੀ ਸਨ। ਇਨ੍ਹਾਂ ਲਿਖਾਰੀਆਂ ਦੇ ਨਾਲ ਹੀ ਪੰਜਵੇਂ ਸਭ ਤੋਂ ਵੱਡੇ ਤੇ ਮਹਾਨ ਵਿਦਵਾਨ ਲਿਖਾਰੀ ਸਨ ਭਾਈ ਗੁਰਦਾਸ ਜੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਬੋਲ-ਬੋਲ ਕੇ ਸ਼ੁੱਧ ਗੁਰਬਾਨੀ ਭਾਈ ਗੁਰਦਾਸ ਤੋਂ ਰਾਗ-ਕ੍ਰਮ ਦੇ ਅਨੁਸਾਰ ਤਰਤੀਬਵਾਰ ਲਿਖਵਾਉਣੀ ਆਰੰਭ ਕੀਤੀ।

ਭਾਈ ਗੁਰਦਾਸ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਲਿਖਣ ਦਾ ਕੰਮ ਹਾਲੇ ਚੱਲ ਹੀ ਰਿਹਾ ਸੀ ਤਾਂ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਵੀ ਆਪਣੀ ਬਾਨੀ ਲਿਆਉਣ ਲਈ ਕਿਹਾ, ਜਦੋਂ ਲੈ ਆਏ ਤਾਂ ਇਸ ਨੂੰ ਵੀ ਗ੍ਰੰਥ ਸਾਹਿਬ ਵਿੱਚ ਚੜ੍ਹਾਉਣ ਲਈ ਕਿਹਾ। ਤਿੰਨ ਵਾਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਬਚਨ ਦੁਹਰਾਏ ਪਰ ਤਿੰਨੇ ਵਾਰ ਹੀ ਭਾਈ ਗੁਰਦਾਸ ਜੀ ਨੇ ਨਿਮਰਤਾ ਸਹਿਤ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਸੇਵਕ, ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ। ਇਸ 'ਤੇ ਖੁਸ਼ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਭਾਈ ਜੀ ਦੀ ਬਾਨੀ ਨੂੰ ਵਰ ਦਿੱਤਾ:

ਤੀਨ ਵੇਰ ਸ੍ਰੀ ਮੁਖ ਬਚ ਕਹਾ।
ਭਾਈ ਅਲਪ ਤਾਹਿ ਕੋ ਲਹਾ।
ਅਤਿ ਪ੍ਰਸੰਨ ਸ੍ਰੀ ਸਤਿਗੁਰੂ ਹੋਏ।
ਦੀਨੋ ਵਰ ਭਾਈ ਰੁਚ ਜੋਏ।
ਭਾਈ ਜੀ ਸੁਨੀਏ ਨਿਰਾਧਾਰ।
ਤੁਮਰੀ ਬਾਨੀ ਅਪਰ ਅਪਾਰ।

ਫੇਰ ਸਿੱਖ ਗੁਰੂਆਂ ਦੇ ਨਾਲ ਹੀ ਭਗਤ ਕਬੀਰ, ਨਾਮਦੇਵ, ਰਵਿਦਾਸ ਜੀ ਆਦਿ ਦੀ ਬਾਨੀ ਵੀ ਲਿਖੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ 1658 ਬਿਕ੍ਰਮੀ ਸੰਨ 1601 ਈ. ਵਿੱਚ ਤਿਆਰ ਹੋ ਗਈ, ਜੋ ਭਾਈ ਗੁਰਦਾਸ ਜੀ ਦੀ ਬੀੜ ਜਾਂ ਕਰਤਾਰਪੁਰੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੋ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ ਉਹ ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਿਆ ਗਿਆ ਹੈ। ਭਾਈ ਗੁਰਦਾਸ ਜੀ ਦੇ ਸਦਾ ਰਹਿਣ ਵਾਲੇ ਦੋ ਸੇਵਾ ਦੇ ਕੰਮ ਹਨ। ਇੱਕ, ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਬੈਠ ਕੇ ਗੁਰਬਾਨੀ ਦੇ ਇਕੱਤਰ ਤੇ ਸੰਕਲਿਤ ਕਰਨ ਵਿੱਚ ਸੇਵਾ ਕਰਨੀ ਤੇ ਸਾਰੀ ਬਾਨੀ ਆਪਣੀ ਹੱਥੀਂ ਲਿਖਣੀ। ਦੂਜਾ ਉਨ੍ਹਾਂ ਦੀ ਆਪਣੀ ਬਾਨੀ ਜੋ ਗੁਰਸਿੱਖੀ ਦੇ ਅਸੂਲਾਂ ਤੇ ਗੁਰਬਾਨੀ ਦੇ ਭਾਵਾਂ ਨੂੰ ਸਮਝਣ ਲਈ ਸੱਚ-ਮੁੱਚ ਕੁੰਜੀ ਦਾ ਕੰਮ ਦਿੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਮਤ 1663 ਬਿਕ੍ਰਮੀ ਮੁਤਾਬਿਕ ਸੰਨ 1606 ਈ. ਵਿੱਚ ਸ਼ਹੀਦ ਹੋਣ ਉਪਰੰਤ ਜਦ ਉਨ੍ਹਾਂ ਦੀ ਥਾਂ ਛੇਵੇ ਗੁਰੂ ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਜੀ ਗੱਦੀਨਸ਼ੀਨ ਨਿਯੁਕਤ ਹੋਏ। ਗੁਰੂ ਹਰਿਗੋਬਿੰਦ ਸਾਹਿਬ ਨੇ 5 ਹਾੜ ਸੰਮਤ 1663 ਬਿਕ੍ਰਮੀ (1606 ਈ.) ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਅਕਾਲ ਤਖ਼ਤ ਦੀ ਨੀਂਹ ਰੱਖੀ। ਨੀਂਹ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਰੱਖੀ ਤੇ ਉੱਚਾ ਥੜ੍ਹਾ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਖ਼ੁਦ ਬਣਾਇਆ। ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਅੰਗ-ਸੰਗ ਹੋ ਕੇ 31 ਸਾਲ ਸੇਵਾ ਕਰਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਸਿੱਖ ਧਰਮ ਵਿੱਚ ਭਾਈ ਗੁਰਦਾਸ ਜੀ ਦੀ ਰਚਨਾ ਹੀ ਗੁਰੂ ਸਾਹਿਬਾਨ ਦੇ ਸੰਦੇਸ਼ ਦੀ ਸਭ ਤੋਂ ਪਹਿਲੀ ਵਿਆਖਿਆ ਪ੍ਰਵਾਨ ਕੀਤੀ ਗਈ ਹੈ। ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦਾ ਟੀਕਾ ਜਾਂ ਵਿਆਖਿਆ ਪ੍ਰਵਾਨ ਕਰਨ ਦੀ ਰਵਾਇਤ ਉਨ੍ਹਾਂ ਦੀ ਰਚਨਾ ਜਿੰਨੀ ਹੀ ਪੁਰਾਤਨ ਹੈ ਅਤੇ ਵਰਤਮਾਨ ਸਮੇਂ ਤੱਕ ਉਵੇਂ ਹੀ ਪ੍ਰਵਾਨ ਕੀਤੀ ਜਾਂਦੀ ਹੈ।

ਭਾਈ ਗੁਰਦਾਸ ਜੀ ਦੀ ਕਾਵਿ ਰਚਨਾ ਪੰਜਾਬੀ ਤੇ ਬ੍ਰਿਜ ਭਾਸ਼ਾ ਦੋ ਬੋਲੀਆ ’ਚ ਮਿਲਦੀ ਹੈ।

1. ਵਾਰਾਂ ਗਿਆਨ ਰਤਨਾਵਲੀ-ਪੰਜਾਬੀ ਵਿੱਚ, 2. ਕਬਿੱਤ ਸਵੱਯੇ-ਬ੍ਰਿਜ ਭਾਸ਼ਾ ਵਿੱਚ

ਭਾਈ ਗੁਰਦਾਸ ਜੀ ਦੀਆਂ ‘ਵਾਰਾਂ ਗਿਆਨ ਰਤਨਾਵਲੀ’ ਵਾਰਾਂ ਵਿੱਚ ਕੁੱਲ 913 ਪਉੜੀਆਂ, 6444 ਪੰਕਤੀਆਂ ਅਤੇ 46166 ਸ਼ਬਦ ਆਏ ਹਨ। 40 ਵਾਰਾਂ ਭਾਈ ਗੁਰਦਾਸ ਭੱਲੇ ਦੀਆਂ ਹਨ ਤੇ ਅੰਤਲੀ 41ਵੀਂ ਵਾਰ ਭਾਈ ਗੁਰਦਾਸ (ਦੂਜੇ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਦੀ ਹੈ। ਭਾਈ ਗੁਰਦਾਸ ਜੀ ਦੇ ਰਵਾਇਤੀ ਤੌਰ ਤੇ 556 ਕਬਿੱਤ ਸਵੱਈਏ ਹੀ ਮੰਨੇ ਜਾਂਦੇ ਹਨ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਅਨੁਸਾਰ ਵੀ 40 ਵਾਰਾਂ ਅਤੇ 556 ਕਬਿੱਤ ਆਦਿਕ ਛੰਦ ਹਨ। ਭਾਈ ਵੀਰ ਸਿੰਘ ਜੀ ਨੂੰ ਦੋ ਪੁਰਾਤਨ ਪੋਥੀਆਂ ਵਿੱਚੋਂ ਭਾਈ ਗੁਰਦਾਸ ਜੀ ਦੇ 119 ਕਬਿੱਤ ਪ੍ਰਾਪਤ ਹੋਏ। ਇਸ ਤਰ੍ਹਾਂ ਹੁਣ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆ ਦੀ ਗਿਣਤੀ 675 ਹੋ ਗਈ ਹੈ ਪਰ ਕਬਿੱਤ ਸਵੱਈਏ ਸਟੀਕ ਵਿੱਚ ਜੋ ਭਾਈ ਚਤਰ ਸਿੰਘ, ਜੀਵਨ ਸਿੰਘ ਵੱਲੋਂ ਛਾਪੇ ਗਏ ਹਨ, ਉਸ ਵਿੱਚ ਕਬਿੱਤ ਸਵੱਈਆ ਦੀ ਗਿਣਤੀ 556 ਹੀ ਹੈ।

ਭਾਈ ਗੁਰਦਾਸ ਜੀ ਦੀ ਬਾਣੀ ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਤਿਕਥਨੀ ਨਹੀਂ ਹੋਵੇਗਾ ਕਿ ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵੱਧ ਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਸਾਹਿਬ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ। ਭਾਈ ਗੁਰਦਾਸ ਜੀ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਆ ਗਏ ਇਥੇ ਹੀ 91 ਸਾਲ ਦੀ ਉਮਰ ਬਤੀਤ ਕਰਕੇ ਭਾਦਰੋਂ ਸੁਦੀ 8, ਸੰਮਤ 1694 ਬਿਕਰਮੀ ਮੁਤਾਬਿਕ 1637 ਈ. ਨੂੰ ਹੋਇਆ (ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ)। ਗਿਆਨੀ ਗਿਆਨ ਸਿੰਘ ਨੇ ਭਾਈ ਗੁਰਦਾਸ ਜੀ ਦੇ ਅਕਾਲੇ ਚਲਾਣੇ ਦੀ ਤਾਰੀਖ 11 ਅੱਸੂ ਸੰਮਤ 1686 ਬਿਕ੍ਰਮੀ (ਸਤੰਬਰ 1629 ਈ.) ਲਿਖੀ ਹੈ।

—ਕਰਨੈਲ ਸਿੰਘ ਐੱਮ.ਏ.

ਪੰਜਾਬੀ ਸਾਹਿਤ ਅਤੇ ਗੁਰਮਤਿ ਦੇ ਪ੍ਰਤੀਨਿਧ ਲਿਖਾਰੀ ਗਿ: ਗੁਰਦਿੱਤ ਸਿੰਘ

ਜਦੋਂ ਵੀ ਗਿ: ਗੁਰਦਿੱਤ ਸਿੰਘ ਦੀ ਕੋਈ ਕਿਤਾਬ ਛਪਦੀ ਸੀ ਤਾਂ ਪੰਜਾਬੀ ਸਾਹਿਤ ਦੇ ਸ਼ਾਂਤ ਪਾਣੀਆਂ ਵਿੱਚ ਹਲਚਲ ਮੱਚ ਜਾਂਦੀ ਸੀ। ਇਸ ਦਾ ਕਾਰਨ ਇਹ ਸੀ ਕਿ ਗਿਆਨੀ ਜੀ ਜਿਸ ਵਿਸ਼ੇ ਉਤੇ ਵੀ ਕਲਮ ਚੁੱਕਦੇ ਹਨ, ਉਸ ਦਾ ਆਧਾਰ ਪਹਿਲਾਂ ਪ੍ਰਗਟ ਕੀਤੇ ਗਏ ਮਾਂਗਵੇਂ ਵਿਚਾਰਾਂ ਨੂੰ ਨਹੀਂ ਸਨ ਬਣਾਉਂਦੇ ਸਗੋਂ ਸਾਲਾਂ-ਬੱਧੀ ਉਸ ਵਿਸ਼ੇ ਦਾ ਸਵੈ-ਅਧਿਐਨ ਕਰਦੇ ਅਤੇ ਉਸ ਵਿਸ਼ੇ ਨਾਲ ਸੰਬੰਧਿਤ ਦੂਰ-ਦੁਰਾਡੀਆਂ ਥਾਵਾਂ ਦੀ ਯਾਤਰਾ ਵੀ ਕਰਦੇ ਹਨ। ਇਸ ਪ੍ਰਕਾਰ ਦੀ ਘੋਖ ਉਪਰੰਤ ਜਿਹੜੇ ਵਿਚਾਰ ਅਤੇ ਨਤੀਜੇ ਸਾਹਮਣੇ ਆਉਂਦੇ, ਉਹ ਸੁਭਾਵਿਕ ਹੀ ਲੀਹ ਤੋਂ ਹਟਵੇਂ, ਨਵੇਂ ਅਤੇ ਵਿਲੱਖਣ ਹੁੰਦੇ ਸਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਅਕਸਰ ਹੈਰਾਨ ਹੋ ਜਾਂਦੇ ਸਨ।

1961 ਵਿੱਚ ਪਹਿਲੀ ਵਾਰ ‘ਮੇਰਾ ਪਿੰਡ’ ਛਪੀ ਤਾਂ ਪੰਜਾਬ ਵਾਹ-ਵਾਹ ਕਰ ਉਠਿਆ। ਕੋਈ ਆਖੇ ਇਹ ਪੰਜਾਬ ਦਾ ‘ਗ੍ਰਾਮ ਵੇਦ’ ਹੈ, ਕੋਈ ਕਹੇ ਇਹ ਪੰਜਾਬੀ ਸਾਹਿਤ ਦਾ ‘ਮੇਰਾ ਦਾਗਿਸਤਾਨ’ ਹੈ, ਤੇ ਕਿਸੇ ਲਈ ਇਹ ਪੁਸਤਕ ਅਲੋਪ ਹੁੰਦੇ ਜਾ ਰਹੇ ਪੰਜਾਬ ਦਾ ਇੱਕ ਸਜੀਵ ਅਜਾਇਬ ਘਰ ਸੀ। (ਕਾਲਿਆਂ ਤੋਂ ਧੌਲੇ ਆ ਗਏ ਹਨ ਪਰ ‘ਮੇਰਾ ਪਿੰਡ’ ਦੀ ਪ੍ਰਸ਼ੰਸਾ-ਫੁਹਾਰ ਨਾ ਥੰਮ੍ਹੀ, ਨਾ ਥੰਮ੍ਹੇਗੀ।)

ਇਸ ਅਲੌਕਿਕ ਪੁਸਤਕ ਦਾ ਆਗਾਜ਼ ਕੁਝ ਇਸ ਤਰ੍ਹਾਂ ਹੋਇਆ। ਗਿਆਨੀ ਗੁਰਦਿੱਤ ਸਿੰਘ ਨੇ 1956 ਵਿੱਚ ਇੱਕ ਲੇਖ ਲਿਖਿਆ, ‘ਮੇਰਾ ਪਿੰਡ’। ਉਸ ਦੀ ਚਰਚਾ ਅਤੇ ਪ੍ਰਸ਼ੰਸਾ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਇਸ ਤਰ੍ਹਾਂ ਦੇ ਕੁਝ ਹੋਰ ਲੇਖ ਲਿਖੇ। 1960 ਵਿੱਚ ਅਜੇ ਇਸ ਪੁਸਤਕ ਦਾ ਖਰੜਾ ਅਧੂਰਾ ਹੀ ਸੀ ਕਿ ਇਸ ਨੂੰ ਯੂਨੈਸਕੋ ਦਾ ਪੁਰਸਕਾਰ ਮਿਲ ਗਿਆ। 1961 ਵਿੱਚ ‘ਮੇਰਾ ਪਿੰਡ’ ਦਾ ਪਹਿਲਾ ਐਡੀਸ਼ਨ ਛਪਿਆ ਤਾਂ ਇਹ ਪੁਸਤਕ ਪੰਜਵੀਂ ਜਮਾਤ ਤੋਂ ਲੈ ਕੇ ਐਮ. ਏ. ਤੱਕ ਦੀਆਂ ਕਲਾਸਾਂ ਨੂੰ ਪੜ੍ਹਾਈ ਜਾਣ ਲੱਗੀ। ਛੋਟੀਆਂ ਜਮਾਤਾਂ ਦੇ ਬੱਚਿਆਂ ਲਈ ਇਸ ਕਿਤਾਬ ਵਿਚੋਂ ਲੇਖ ਚੁਣ ਕੇ ‘ਸਪਲੀਮੈਂਟਰੀ ਰੀਡਰਜ਼’ ਛਾਪੀਆਂ ਗਈਆਂ। ਅੱਜ ਵੀ ਇਹ ਕਿਤਾਬ ਪੰਜਾਬ ਅਤੇ ਦਿੱਲੀ ਦੀਆਂ ਯੂਨੀਵਰਸਿਟੀਆਂ ਵਿਚ ਐਮ. ਏ. ਦੀਆਂ ਜਮਾਤਾਂ ਨੂੰ ਪੜ੍ਹਾਈ ਜਾਂਦੀ ਹੈ। 2007 ਤੱਕ ਇਸ ਦੇ ਅੱਠ ਐਡੀਸ਼ਨ ਛੱਪ ਚੁੱਕੇ ਹਨ।

ਫਿਰ ਛਪੀ 1990 ਵਿਚ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ-ਭਗਤ ਬਾਣੀ ਭਾਗ'। 668 ਪੰਨਿਆਂ ਦੀ ਇਸ ਪੁਸਤਕ ਵਿੱਚ ਬਾਣੀਕਾਰ ਭਗਤਾਂ ਦੇ ਜੀਵਨ ਅਤੇ ਰਚਨਾ ਬਾਰੇ ਜੋ ਸਮੱਗਰੀ ਇਕੱਤਰ ਕੀਤੀ ਗਈ ਹੈ, ਉਹ ਹੋਰ ਕਿਸੇ ਪੰਜਾਬੀ ਪੁਸਤਕ ਵਿੱਚ ਉਪਲਬਧ ਨਹੀਂ। ਗਿਆਨੀ ਜੀ ਨੇ ਇਸ ਪੁਸਤਕ ਵਿਚ ਭਗਤਾਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੀ ਬਾਣੀ ਬਾਰੇ ਬਹੁਤ ਹੀ ਅਹਿਮ ਸਵਾਲ ਉਠਾਏ ਹਨ।

ਗਿ: ਗੁਰਦਿੱਤ ਸਿੰਘ ਦੀ ਬਹੁ-ਚਰਚਿਤ ਪੁਸਤਕ 'ਮੁੰਦਾਵਣੀ' 2003 ਵਿੱਚ ਛਪੀ। ਇਹ ਗੁਰੂ ਗ੍ਰੰਥ ਸਾਹਿਬ ਵਿੱਚ 'ਰਾਗਮਾਲਾ' ਦੇ ਵਿਸ਼ੇ ਨਾਲ ਸਬੰਧਿਤ ਹੈ। ਸਿੱਖ ਪੰਥ ਵਿੱਚ ਰਾਗਮਾਲਾ ਦਾ ਮਸਲਾ ਬਹੁਤ ਅਹਿਮ ਅਤੇ ਗੰਭੀਰ ਹੈ। ਰਾਗਮਾਲਾ ਦਾ ਵਿਵਾਦ ਕਈ ਵਾਰ ਉਠਿਆ ਅਤੇ ਦਬਿਆ ਹੈ। ਗਿ: ਗੁਰਦਿੱਤ ਸਿੰਘ ਇਸ ਮਸਲੇ ਨੂੰ 60 ਸਾਲ ਤੋਂ ਵਾਚਦੇ ਆ ਰਹੇ ਸਨ ਅਤੇ ਨਾਲ ਦੀ ਨਾਲ ਇਸ ਉਤੇ ਖੋਜ ਵੀ ਕਰ ਰਹੇ ਸਨ।

ਇਸ ਸਬੰਧ ਵਿੱਚ ਉਨ੍ਹਾਂ ਨੇ ਦੇਸ਼ ਅਤੇ ਵਿਦੇਸ਼ ਵਿੱਚ ਸੈਂਕੜੇ ਹੱਥ-ਲਿਖਤ ਬੀੜਾਂ ਦੇ ਦਰਸ਼ਨ ਕੀਤੇ, ਤਕਰੀਬਨ 500 ਬੀੜਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਰਾਗਮਾਲਾਂ ਨਾਲ ਸਿੱਧੀਆਂ ਸੰਬੰਧਿਤ 70 ਬੀੜਾਂ ਦੇ ਰਾਗਮਾਲਾਂ ਨਾਲ ਸੰਬੰਧਿਤ ਪੰਨਿਆਂ ਦੇ ਚਿੱਤਰ 'ਮੁੰਦਾਵਣੀ' ਵਿੱਚ ਪ੍ਰਕਾਸ਼ਿਤ ਕੀਤੇ ਹਨ।

ਰਾਗਮਾਲਾ ਕੀ ਹੈ ? ਇਸ ਦਾ ਕਰਤਾ ਕੌਣ ਹੈ ? ਰਾਗਮਾਲਾ ਕਦੋਂ ਲਿਖੀ ਗਈ ਅਤੇ ਕਦੋਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੋਈ ? ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਗਿਆਨੀ ਜੀ ਨੇ ਹੱਥ-ਲਿਖਤ ਪੁਰਾਤਨ ਬੀੜਾਂ ਅਤੇ ਪੰਜਾਬੀ ਵਿੱਚ ਛਪੀਆਂ ਪੁਸਤਕਾਂ ਦੇ ਅਧਿਐਨ ਤੋਂ ਬਿਨਾਂ ਹਿੰਦੀ ਵਿਦਵਾਨਾਂ ਦੀਆਂ ਤਕਰੀਬਨ 32 ਪੁਸਤਕਾਂ ਦਾ ਅਧਿਐਨ ਵੀ ਕੀਤਾ।

ਉਪਰੋਕਤ ਤਿੰਨ ਮੁੱਖ ਰਚਨਾਵਾਂ ਤੋਂ ਬਿਨਾਂ ਗਿਆਨੀ ਜੀ ਦੀ ਸਾਹਿਤ ਘਾਲਣਾ ਵਿੱਚ ਭੱਟ ਅਤੇ ਉਨ੍ਹਾਂ ਦੀ ਰਚਨਾ, ਪੰਜਾਬ ਦੀਆਂ ਲੋਕ ਕਹਾਣੀਆਂ (ਤਿੰਨ ਭਾਗ) ਅਤੇ ਭਾਈ ਰੂਪ ਚੰਦ ਅਤੇ ਉਨ੍ਹਾਂ ਦਾ ਵੰਸ਼ ਆਦਿ ਪੁਸਤਕਾਂ ਸ਼ਾਮਿਲ ਹਨ। ਗਿਆਨੀ ਜੀ ਨੇ 1950 ਵਿੱਚ 'ਅਮਰਨਾਮਾ' ਦੀ ਖੋਜ ਕੀਤੀ ਜੋ ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਦਿਨਾਂ ਬਾਰੇ ਦੁਰਲੱਭ ਫਾਰਸੀ ਰਚਨਾ ਹੈ। ਖਾਲਸਾ ਸਿਰਜਣਾ ਦੀ ਤ੍ਰੈ-ਸ਼ਤਾਬਦੀ ਸਮੇਂ ਗਿਆਨੀ ਜੀ ਦੇ ਸੁਝਾਅ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਕਰੀਬਨ 100 ਪੁਰਾਣੀਆਂ ਅਤੇ ਅਣ-ਉਪਲਬਧ ਪੁਸਤਕਾਂ ਦੁਬਾਰਾ ਪ੍ਰਕਾਸ਼ਿਤ ਕੀਤੀਆਂ। ਇਹ ਸਾਰੀਆਂ ਪੁਸਤਕਾਂ ਗਿਆਨੀ ਜੀ ਨੇ ਆਪਣੇ ਨਿੱਜੀ ਪੁਸਤਕਾਲਿਆ ਵਿਚੋਂ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਉਪਲਬਧ ਕੀਤੀਆਂ। ਉਨ੍ਹਾਂ ਨੇ ਇਨ੍ਹਾਂ ਪੁਸਤਕਾਂ ਨੂੰ ਸੰਪਾਦਿਤ ਵੀ ਕੀਤਾ ਅਤੇ ਹਰ ਪੁਸਤਕ ਦੀ ਲੰਮੀ ਸਾਰਥਿਕ ਭੂਮਿਕਾ ਲਿਖੀ।

ਗਿਆਨੀ ਗੁਰਦਿੱਤ ਸਿੰਘ 1956 ਤੋਂ 1962 ਤੱਕ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਰਹੇ ਅਤੇ ਪ੍ਰੀਸ਼ਦ ਵਿੱਚ ਤਖਤ ਦਮਦਮਾ ਸਾਹਿਬ ਅਤੇ ਪੰਜਾਬੀ ਯੂਨੀਵਰਸਿਟੀ ਸਥਾਪਤ ਕਰਨ ਦਾ ਮਤਾ ਪੇਸ਼ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਸਥਾਪਿਤ ਕਰਨ ਵਿੱਚ ਮੋਹਰੀ ਰੋਲ ਅਦਾ ਕੀਤਾ।

ਇਸ ਤੋਂ ਪਹਿਲਾਂ ਗਿਆਨੀ ਜੀ ਨੇ ਰਿਆਸਤ ਪਟਿਆਲਾ ਵਿੱਚ ਪੰਜਾਬੀ ਮਹਿਕਮਾ ਸਥਾਪਤ ਕਰਨ ਵਿੱਚ ਯੋਗਦਾਨ ਪਾਇਆ ਸੀ। ਇਹ ਪੰਜਾਬੀ ਮਹਿਕਮਾ ਬਾਅਦ ਵਿੱਚ ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਬਣ ਗਿਆ।

ਗਿ: ਗੁਰਦਿੱਤ ਸਿੰਘ ਦੀ ਬਹੁਪੱਖੀ ਸ਼ਖਸੀਅਤ ਦਾ ਇੱਕ ਪੱਖ ਪੱਤਰਕਾਰੀ ਵੀ ਹੈ। ਉਨ੍ਹਾਂ ਨੇ ਰੋਜ਼ਾਨਾ 'ਪ੍ਰਕਾਸ਼' (1947-1961), ਸਪਤਾਹਿਕ 'ਪ੍ਰਕਾਸ਼' (1962-1978) ਅਤੇ ਮਾਸਕ 'ਜੀਵਨ ਸੰਦੇਸ਼' ਦੀ ਸੰਪਾਦਨਾ ਕੀਤੀ। ਇਨ੍ਹਾਂ ਪੱਤਰਾਂ ਦੇ ਮਾਲਕ ਅਤੇ ਪ੍ਰਕਾਸ਼ਕ ਵੀ ਉਹ ਆਪ ਹੀ ਸਨ। ਸਿੰਘ ਸਭਾ ਲਹਿਰ ਦੀ ਸ਼ਤਾਬਦੀ ਮਨਾਉਣ ਲਈ ਕੇਂਦਰੀ ਸਿੰਘ ਸਭਾ ਬਣਾਈ ਗਈ ਤਾਂ ਗਿਆਨੀ ਜੀ ਨੂੰ ਪਹਿਲਾਂ ਇਸ ਦਾ ਜਨਰਲ ਸਕੱਤਰ ਅਤੇ ਫਿਰ ਪ੍ਰਧਾਨ ਬਣਾਇਆ ਗਿਆ। ਗਿਆਨੀ ਜੀ ਨੇ ਕੇਂਦਰੀ ਸਿੰਘ ਸਭਾ ਵੱਲੋਂ ਪ੍ਰਕਾਸ਼ਿਤ 'ਸਿੰਘ ਸਭਾ ਪੱਤ੍ਰਿਕਾ' ਦੀ ਪੰਦਰਾਂ ਸਾਲ ਸੰਪਾਦਨਾ ਕੀਤੀ। ਸਿੰਘ ਸਭਾ ਪੱਤ੍ਰਿਕਾ ਦੇ ਕਈ ਵੱਡ-ਆਕਾਰੀ ਅੰਕ ਪ੍ਰਕਾਸ਼ਿਤ ਹੋਏ। ਇਨ੍ਹਾਂ ਅੰਕਾਂ ਵਿੱਚ ਜੋ ਇਤਿਹਾਸਕ ਤੇ ਧਾਰਮਿਕ ਸਮੱਗਰੀ ਪ੍ਰਕਾਸ਼ਿਤ ਹੋਈ, ਉਹ ਬਹੁਤ ਕੀਮਤੀ ਹੈ, ਜਿਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਲੋੜ ਹੈ।

ਗਿ: ਗੁਰਦਿੱਤ ਸਿੰਘ ਦੀ ਮਿੱਠੀ ਬੋਲੀ, ਮਿੱਠੀ ਮੁਸਕਰਾਹਟ ਅਤੇ ਮੱਠੀ ਟਕੋਰ ਨੇ ਪੰਜਾਬੀ ਪਾਠਕਾਂ ਦਾ ਮਨ ਮੋਹ ਲਿਆ ਹੈ। ਸ਼ਾਇਦ ਇਹ ਸਾਰੀਆਂ ਬਰਕਤਾਂ ਉਨ੍ਹਾਂ ਦੇ ਪਿੰਡ ਮਿੱਠੇਵਾਲ ਦੀਆਂ ਹਨ। ਟਿੱਬਿਆਂ ਅਤੇ ਸਰਕੰਡਿਆਂ ਵਿੱਚ ਵਸੇ ਇਸ ਪਿੰਡ ਵਿੱਚ ਪਤਾ ਨਹੀਂ ਗੁਲਾਬ ਦਾ ਫੁੱਲ ਕਿਵੇਂ ਖਿੜ ਪਿਆ। ਗਿਆਨੀ ਜੀ ਕਹਿੰਦੇ ਹਨ, ਸਾਡੇ ਪਿੰਡ ਦੇ ਵੀਹ-ਵੀਹ ਕੋਹ ਦੂਰ, ਕਿਤੇ ਸਕੂਲ ਨਹੀਂ ਸੀ ਹੁੰਦਾ। ਫਿਰ ਵੀ ਮਿੱਠੇਵਾਲ ਨੇ ਪੰਜਾਬੀ ਸਾਹਿਤ ਨੂੰ ਗਿਆਨੀ ਗੁਰਦਿੱਤ ਸਿੰਘ ਵਰਗਾ ਵਿਦਵਾਨ ਭੇਟ ਕੀਤਾ। ਅਸਲ ਵਿੱਚ ਇਹ ਉਨ੍ਹਾਂ ਵੱਲੋਂ ਦਿਨ-ਰਾਤ ਪੜ੍ਹਾਈ ਕਰਨ ਦੀ ਅਤੇ ਵਿਸ਼ੇਸ਼ ਵਿਦਵਾਨਾਂ ਤੋਂ ਸਮੇਂ-ਸਮੇਂ ਵਿੱਦਿਆ ਪ੍ਰਾਪਤ ਕਰਨ ਦੀ ਘਾਲਣਾ ਦਾ ਫਲ ਹੈ। ਇਸ ਤੋਂ ਬਾਅਦ ਗਿਆਨ ਦੇ ਬਿਖੜੇ ਰਾਹਾਂ 'ਤੇ ਗਿਆਨੀ ਜੀ ਤੁਰਦੇ ਰਹੇ ਅਤੇ ਅੱਜ ਇੱਕ ਮਾਨਯੋਗ ਵਿਦਵਾਨ ਸ਼ਖਸੀਅਤ ਦੇ ਰੂਪ ਵਿਚ ਸਾਡੇ ਸਾਹਮਣੇ ਹਨ।

ਇਸ ਲੰਬੇ ਪੈਂਡੇ ਵਿੱਚ ਇਨ੍ਹਾਂ ਦੇ ਵਿਦਵਾਨ ਤੇ ਸੁਯੋਗ ਜੀਵਨ ਸਾਥੀ ਬੀਬੀ ਇੰਦਰਜੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਬੀਬੀ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਅਤੇ ਸਟਾਫ਼ ਸਿਲੈਕਸ਼ਨ ਕਮਿਸ਼ਨ, ਨਵੀਂ ਦਿੱਲੀ ਦੇ ਸਾਬਕਾ ਚੇਅਰਪਰਸਨ (ਮੁਖੀ) ਹਨ। ਮੇਰੇ ਖਿਆਲ ਵਿੱਚ ਬੀਬੀ ਇੰਦਰਜੀਤ ਕੌਰ ਨੂੰ ਜਿਥੇ ਉੱਤਰੀ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਇੱਕੋ ਇੱਕ ਇਸਤਰੀ ਵੀ. ਸੀ. ਹੋਣ ਦਾ ਮਾਣ ਹਾਸਲ ਹੈ, ਉਥੇ ਸਟਾਫ਼ ਸਿਲੈਕਸ਼ਨ ਕਮਿਸ਼ਨ ਦੀ ਪਹਿਲੀ ਤੇ ਇੱਕੋ ਇੱਕ ਇਸਤਰੀ ਮੁਖੀ ਹੋਣ ਦਾ ਵੀ। ਗਿਆਨੀ ਜੀ ਇਸ ਗੱਲੋਂ ਖੁਸ਼ਕਿਸਮਤ ਸਨ ਕਿ ਜਿਥੇ ਬੀਬੀ ਜੀ ਨੇ ਉਨ੍ਹਾਂ ਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਬੇਫਿਕਰ ਕੀਤਾ ਹੋਇਆ ਸੀ, ਉਥੇ ਉਹ ਸਮੇਂ-ਸਮੇਂ ਉਨ੍ਹਾਂ ਦੀਆਂ ਲਿਖਤਾਂ ਤੇ ਖੋਜ ਕਾਰਜਾਂ ਵਿੱਚ ਵੀ ਸਹਾਇਤਾ ਕਰਦੇ ਰਹਿੰਦੇ ਸਨ।ਨਵੰਬਰ, 2006 ਵਿਚ ਭਾਸ਼ਾ ਵਿਭਾਗ, ਪੰਜਾਬ ਨੇ

ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਗਿਆਨੀ ਜੀ ਨੂੰ ਸਨਮਾਨਿਤ ਕੀਤਾ। 17 ਜਨਵਰੀ, 2007 ਨੂੰ ਇਹ ਮਹਾਨ ਵਿਦਵਾਨ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਿਆ। ਇਕੋ ਤਮੰਨਾ ਰਹਿ ਗਈ, ਕਾਸ਼! 'ਮੇਰਾ ਪਿੰਡ' ਜਿਹੀ ਸ਼ੈਲੀ ਵਿੱਚ ਆਪਣੀ ਸਵੈ-ਜੀਵਨੀ ਲਿਖ ਜਾਂਦੇ ਅਤੇ 'ਪੁਰਾਤਨ ਬੀੜਾਂ ਦਾ ਇਤਿਹਾਸ ਤੇ ਆਦਿ ਗ੍ਰੰਥ ਦਾ ਸੰਪਾਦਨ' ਪੁਸਤਕ ਵੀ ਮੁਕੰਮਲ ਕਰ ਸਕਦੇ!

-ਨਰਿੰਜਨ ਸਿੰਘ ਸਾਥੀ

ਗੁਰ ਮੂਰਤਿ ਗੁਰ ਸ਼ਬਦ ਹੈ

ਇਸ ਸਿਰਲੇਖ ਦੇ ਅੱਖਰ ਗੁਰਮਤਿ ਦੇ ਮਹਾਂਗਿਆਨੀ ਭਾਈ ਗੁਰਦਾਸ ਜੀ ਦੇ ਹਨ। ਭਾਈ ਗੁਰਦਾਸ ਜੀ ਦੀ ਬਾਣੀ ਨੂੰ ਦੋ ਜਹਾਨ ਦੇ ਮਾਲਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਭਾਵਾਂ ਨੂੰ ਸਮਝਣ ਲਈ ਕੁੰਜੀ ਦਾ ਮਾਣ ਬਖਸ਼ਿਆ ਹੈ। ਭਾਈ ਗੁਰਦਾਸ ਜੀ ਨੇ ਉਪਰੋਕਤ ਸ਼ਬਦ ਅਰਥਾਤ 'ਗੁਰ ਮੂਰਤਿ ਗੁਰ ਸ਼ਬਦ ਹੈ' ਇੱਕ ਵਾਰੀ ਨਹੀਂ, ਕਈ ਵਾਰੀ ਆਪਣੀ ਬਾਣੀ ਵਿੱਚ ਵਰਤੇ ਹਨ ਅਤੇ ਇਹ ਦ੍ਰਿੜ ਕਰਾਉਣ ਦਾ ਯਤਨ ਕੀਤਾ ਹੈ ਕਿ ਗੁਰੂ ਦੀ ਮੂਰਤਿ ਗੁਰੂ ਦਾ ਸ਼ਬਦ ਹੈ। ਦੂਜੀ ਗੱਲ ਇਹ ਹੈ ਕਿ ਅਸੀਂ ਰੋਜ਼ਾਨਾ ਦੋਨੋਂ ਵਕਤ ਅਰਦਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸ ਪਾਤਸ਼ਾਹੀਆਂ ਦਾ ਜ਼ਾਹਿਰਾ ਸਰੂਪ ਵਰਨਣ ਕਰਦੇ ਹਾਂ ਅਤੇ ਅਰਦਾਸ ਉਪਰੰਤ ਪੁਰਾਤਨ ਰਵਾਇਤ ਅਨੁਸਾਰ ਇਹ ਦੋਹਰਾ ਪੜ੍ਹਦੇ ਹਾਂ, "ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ, ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ। ਸਾਹਿਬ ਕਲਗੀਧਰ ਪਾਤਸ਼ਾਹ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਦਾ ਭਾਵ ਹੀ ਇਹ ਹੋ ਸਕਦਾ ਹੈ ਕਿ 'ਗੁਰ ਮੂਰਤਿ ਗੁਰ ਸ਼ਬਦ ਹੈ'।" ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਸ਼ਬਦ ਨੂੰ ਗੁਰੂ ਮੰਨਣਾ ਹੀ ਗੁਰਮਤਿ ਦੀ ਬੁਨਿਆਦੀ ਸਿਧਾਂਤ ਹੈ। ਇਸ ਲਈ ਗੁਰੂ ਦੀ ਮੂਰਤ (ਤਸਵੀਰ) ਨੂੰ ਮੰਨਣਾ ਮਨਮਤਿ ਹੈ। ਹੁਣ ਅਸੀਂ ਇਸ ਤੇ ਸੂਖਮ ਤੇ ਵਿਸਥਾਰ ਵਿਚਾਰ ਕਰਦੇ ਹਾਂ।

ਜਗਤ ਵਿੱਚ ਅਨੇਕਾਂ ਠੇਡੇ ਹਨ ਜੋ ਮਨੁੱਖ ਨੂੰ ਮਨੁੱਖਤਾ ਤੋਂ ਡੇਗਦੇ ਹਨ। ਧਰਮ ਨੂੰ ਮੰਨਣ ਵਾਲਾ ਹੁੰਦਾ ਹੋਇਆ ਭੀ ਬੰਦਾ ਬੇ-ਮਲੂਮੇ ਥਾਂ ਅਨ-ਜਾਣੇ ਇਨ੍ਹਾਂ ਠੇਡਿਆਂ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਆਪਣੇ ਆਪ ਨੂੰ ਧਰਮ ਦੇ ਰਾਹ ਉੱਤੇ ਤੁਰਦਾ ਸਮਝਦਾ ਹੋਇਆ ਵੀ ਧਰਮ ਦੀ ਰਸਤੇ ਤੋਂ ਦੂਸਰੇ ਪਾਸੇ ਚਲਾ ਜਾਂਦਾ ਹੈ। ਕਿਸੇ ਵੀ ਧਰਮ ਵਿੱਚ ਸ਼ਰਧਾ ਰੱਖਣ ਵਾਲਾ ਮਨੁੱਖ ਹੋਵੇ, ਹਰੇਕ ਨੂੰ ਇੱਕ ਔਕੜ ਵਾਪਰ ਸਕਦੀ ਹੈ ਅਤੇ ਵਾਪਰਦੀ ਹੈ। ਜਦੋਂ ਸਤਿਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਤਦੋਂ ਭਾਰਤ ਵਿੱਚ ਵਸਦੇ ਲੋਕਾਂ ਦੀ ਭਾਰੀ ਬਹੁ-ਗਿਣਤੀ ਹਿੰਦੂ ਧਰਮ ਦੇ ਸ਼ਰਧਾਲੂਆਂ ਦੀ ਸੀ। ਸਤਿਗੁਰੂ ਦਾ ਜਿਉਂ ਜਿਉਂ ਹਿੰਦੂ ਜਨਤਾ ਨਾਲ ਵਾਹ ਪਿਆ, ਉਨ੍ਹਾਂ ਨੇ ਆਪਣੀ ਦਿਬ-ਦ੍ਰਿਸ਼ਟੀ ਤੇ ਉੱਚੇ ਆਤਮਿਕ ਜੀਵਨ ਦੇ ਤਜਰਬੇ ਨਾਲ ਵੇਖਿਆ ਕਿ ਆਮ ਜਨਤਾ ਦਾ ਕੁਰਾਹੇ ਪੈਣਾ, ਸਹੀ ਧਾਰਮਿਕ ਅਗਵਾਈ ਦੀ ਅਣਹੋਂਦ ਦੇ ਕਾਰਨ ਹੈ। ਉੱਚੀ-ਨੀਵੀਂ ਜਾਤੀ ਦਾ ਵਿਤਕਰਾ, ਨਿਰੇ ਤੀਰਥ-ਇਸ਼ਨਾਨ ਨੂੰ ਆਤਮਿਕ ਪਵਿੱਤਰਤਾ ਦਾ ਸਾਧਨ ਸਮਝਣਾ, ਆਪਣੀ ਹੱਥੀਂ ਘੜੀਆਂ ਮੂਰਤੀਆਂ ਨੂੰ ਭਗਵਾਨ ਸਮਝ ਕੇ ਉਸਦੀ ਪੂਜਾ ਕਰਨੀ, ਮੋਏ ਹੋਏ ਵਡੇਰਿਆਂ ਨੂੰ ਖੁਰਾਕ ਆਦਿ ਅਪੜਾ ਸਕਣ ਦੀ ਮਨੌਤ ਅਜਿਹੇ ਕਈ ਠੇਡੇ ਹਿੰਦੂ ਜਨਤਾ ਨੂੰ ਲੱਗ ਰਹੇ ਸਨ।

ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਭਾਰਤ ਵਿੱਚ ਇਸਲਾਮੀ ਰਾਜ ਆਇਆਂ ਪੰਜ ਸਦੀਆਂ ਹੋ ਚੁੱਕੀਆਂ ਸਨ। ਕਈ ਕਾਰਨਾਂ ਕਰਕੇ ਹਿੰਦੂ ਮੁਸਲਮਾਨ ਬਣ ਚੁੱਕੇ ਸਨ। ਪਰ ਮੁਸਲਮਾਨਾਂ ਵਿੱਚ ਭੀ ਉਹੀ ਹਾਲ ਸੀ। ਆਪਣੇ ਆਪ ਨੂੰ ਮੁਸਲਮਾਨ ਸਮਝਦਿਆਂ ਹੋਇਆਂ ਵੀ ਰੋਜ਼ਾਨਾ ਜੀਵਨ ਇਸਲਾਮ ਤੋਂ ਦੁਰੇਡੇ ਹੁੰਦਾ ਜਾ ਰਿਹਾ ਸੀ। ਤੀਜਾ ਉਸ ਸਮੇਂ ਭਾਰਤ ਵਿੱਚ ਜੋਗੀਆਂ ਦਾ ਬੜਾ ਜ਼ੋਰ ਸੀ। ਇਨ੍ਹਾਂ ਦੇ ਵਰ-ਸਰਾਪ ਦੇ ਲਾਲਚ ਅਤੇ ਡਰ ਦੇ ਦਬਾਓ ਹੇਠ ਗਰੀਬ ਲੋਕ ਇਨ੍ਹਾਂ ਦੀ ਸੇਵਾ ਕਰਨ ਤੇ ਮਜ਼ਬੂਰ ਸਨ।

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਨਿੱਜੀ ਸੁਖ ਕੁਰਬਾਨ ਕਰਕੇ ਸਾਰੇ ਭਾਰਤ ਤੇ ਮੱਧ ਏਸ਼ੀਆ ਦੇ ਉਸ ਪ੍ਰਸਿੱਧ ਧਾਰਮਿਕ ਕੇਂਦਰਾਂ ਦਾ ਦੌਰਾ ਕੀਤਾ। ਜਨਤਾ ਅਤੇ ਜਨਤਾ ਦੇ ਅਖੌਤੀ ਧਾਰਮਿਕ ਆਗੂਆਂ ਨੂੰ ਉਨ੍ਹਾਂ ਭਰਮ ਭੁਲੇਖਿਆਂ ਵਲੋਂ ਸੁਚੇਤ ਕੀਤਾ, ਜਿਨ੍ਹਾਂ ਕਰਕੇ ਆਮ ਜਨਤਾ ਦੁਖੀ ਸੀ। ਗੁਰੂ ਪਾਤਸ਼ਾਹ ਨੇ ਹੀ ਇਸ ਸੰਸਾਰ ਵਿੱਚ ਧਰਮ ਦੀ ਵਿਚਾਰਧਾਰਾ (ਰੈਵੋਲਿਊਸ਼ਨ) ਨੂੰ ਮੋੜ ਦਿੱਤਾ ਅਤੇ ਇੱਕ ਨਵਾਂ ਸੰਦੇਸ਼ ਦੇ ਕੇ ਜਨਤਾ ਨੂੰ ਭਰਮਾਂ ਭੁਲੇਖਿਆਂ ਵਿੱਚੋਂ ਕੱਢਿਆ।

ਮਨੁੱਖ ਜਿਉਂ ਜਿਉਂ ਉੱਨਤੀ ਕਰਦਾ ਹੈ ਤਿਉਂ ਤਿਉਂ ਕਈ ਕੋਮਲ ਹੁਨਰ ਭੀ ਤਰੱਕੀ ਕਰਦੇ ਹਨ। ਪੱਥਰ ਜਾਂ ਸੰਗਮਰਮਰ ਦੀਆਂ ਮੂਰਤੀਆਂ ਬਣਾਉਣ ਦਾ ਹੁਨਰ ਕਈ ਸਦੀਆਂ ਤੋਂ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ, ਪਰ ਧਾਰਮਿਕ ਪਾਸੇ ਇਸ ਹੁਨਰ ਨੇ ਲੋਕਾਂ ਨੂੰ ਭੀ ਕੁਰਾਹੇ ਪਾਇਆ, ਇਸ ਕਾਰਨ ਮੂਰਤੀਆਂ ਦੀ ਪੂਜਾ ਚੱਲ ਪਈ। ਸਹਿਜੇ ਸਹਿਜੇ ਬਾਦਸ਼ਾਹਾਂ ਦੀਆਂ ਤਸਵੀਰਾਂ (ਪੇਂਟਿੰਗਜ਼) ਬਣਾਉਣ ਦਾ ਹੁਨਰ ਭੀ ਉਗਮ ਪਿਆ। ਮੁਗਲ ਬਾਦਸ਼ਾਹਾਂ ਵੇਲੇ ਇਹ ਹੁਨਰ ਬੜੀ ਨਾਮਵਰੀ ਖੱਟ ਰਿਹਾ ਸੀ। ਰਾਜਿਆਂ ਮਹਾਂਰਾਜਿਆਂ, ਸ਼ਾਹਾਂ-ਬਾਦਸ਼ਾਹਾਂ ਦੀਆਂ ਤਸਵੀਰਾਂ ਬਣਦੀਆਂ ਦੇਖ ਕੇ ਕਿਤੇ ਕਿਤੇ ਸਿੱਖਾਂ ਦੇ ਦਿਲ ਵਿੱਚ ਭੀ ਉਮੰਗ ਉੱਠਣੀ ਕੁਦਰਤੀ ਗੱਲ ਸੀ ਕਿ ਸਤਿਗੁਰੂ ਜੀ ਦੇ ਸਰੀਰ ਦੀ ਭੀ ਤਸਵੀਰ ਬਣੇ। ਪਰ ਜੇ ਮੂਰਤੀ ਦੀ ਹੋਂਦ ਮੂਰਤੀ ਪੂਜਾ ਵੱਲ ਲੈ ਜਾ ਸਕਦੀ ਹੈ ਤਾਂ ਤਸਵੀਰ ਭੀ ਆਪਣੀ ਪੂਜਾ ਵੱਲ ਪ੍ਰੇਰ ਸਕਦੀ ਹੈ। ਸੈਂਕੜੇ ਹਜ਼ਾਰਾਂ ਉਪਦੇਸ਼ਕ ਤੇ ਪ੍ਰਚਾਰਕ ਭੀ ਮਨੁੱਖ ਨੂੰ ਇਸ ਕਮਜ਼ੋਰੀ ਤੋਂ ਬਚਾ ਨਹੀਂ ਸਕਦੇ। ਇਸੇ ਲਈ ਸਤਿਗੁਰੂ ਜੀ ਨੇ ਆਪਣੇ ਸਰੀਰ ਦੀ ਤਸਵੀਰ ਬਣਨ ਦੀ ਆਗਿਆ ਨਾ ਦਿੱਤੀ ਕਿਉਂਕਿ ਸਤਿਗੁਰੂ ਦੇ ਸੱਚੇ, ਸੁੱਚੇ ਰਾਹ ਅਰਥਾਤ ਸਿੱਖ ਧਰਮ ਦੇ ਦ੍ਰਿਸ਼ਟੀਕੋਣ (ਨੁਕਤਾ-ਨਿਗਾਹ) ਤੋਂ ਇਹ ਗੱਲ ਮਾੜੀ ਸੀ। ਜਿਵੇਂ ਮੂਰਤੀ

ਪੂਜਾ ਸਰਬ ਵਿਆਪਕ ਪ੍ਰਭੂ ਨੂੰ ਖਲਕਤ ਨਾਲੋਂ ਨਿਖੇੜ ਕੇ ਮਨੁੱਖ ਨੂੰ ਇੱਕ ਪੱਥਰ ਦੀ ਮੂਰਤ ਦਾ ਉਪਾਸ਼ਕ ਬਣਾ ਦੇਂਦੀ ਹੈ ਤੇ ਖਲਕਤ ਦੇ ਦੁੱਖ ਦਰਦ ਦਾ ਭਾਈਵਾਲ ਬਣਨ ਤੋਂ ਵਾਂਝਿਆਂ ਰੱਖਦੀ ਹੈ, ਤਿਵੇਂ ਹੀ ਤਸਵੀਰ ਪੂਜਾ। ਮੁਸੱਵਰ (ਤਸਵੀਰ ਬਣਾਉਣ ਵਾਲੇ ਲੋਕ) ਮੁਗਲ ਬਾਦਸ਼ਾਹਾਂ ਦੀਆਂ ਤਸਵੀਰਾਂ ਬਣਾਉਂਦੇ ਸਨ ਤੇ ਇਨਾਮ ਹਾਸਲ ਕਰਦੇ ਸਨ। ਸਿੱਖਾਂ ਦੇ ਮਨਾਂ ਵਿੱਚ ਗੁਰੂ ਪਾਤਸ਼ਾਹ ਲਈ ਤਾਂਘ ਵੀ ਕੁਦਰਤੀ ਤੌਰ 'ਤੇ ਤੀਬਰ ਹੋਣ ਲੱਗ ਪਈ। ਸ਼ਾਇਦ ਵਧ ਰਹੀ ਤੀਬਰਤਾ ਨੂੰ ਅਨੁਭਵ ਕਰਕੇ ਵੇਲੇ ਦੇ ਬ੍ਰਹਮ ਗਿਆਨੀ, ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਪੂਰੇ ਜ਼ੋਰ ਨਾਲ ਗੁਰ-ਤਸਵੀਰ ਦੇ ਵਿਰੁੱਧ ਪ੍ਰਚਾਰ ਕੀਤਾ। ਜੇ ਗੁਰੂ ਸਰੀਰ ਦੀ ਤਸਵੀਰ ਬਣਾਉਣ ਦਾ ਮਾਮਲਾ ਭਾਈ ਗੁਰਦਾਸ ਜੀ ਦੇ ਵੇਲੇ ਨਾ ਛਿੜਦਾ ਤਾਂ ਉਨ੍ਹਾਂ ਨੂੰ 'ਗੁਰ-ਮੂਰਤਿ' ਬਾਰੇ ਮੁੜ ਮੁੜ ਨਾ ਆਖਣਾ ਪੈਂਦਾ ਕਿ 'ਗੁਰ ਮੂਰਤਿ ਗੁਰ ਸ਼ਬਦ ਹੈ'। ਗੁਰ ਤਸਵੀਰ ਦੀ ਵਿਰੋਧਤਾ ਉਨ੍ਹਾਂ ਇਸ ਵਾਸਤੇ ਕੀਤੀ ਕਿ ਇਹ ਕੰਮ ਗੁਰਮਤਿ ਦੇ ਵਿਰੁੱਧ ਸੀ। ਉਨ੍ਹਾਂ ਦੀ ਬਾਣੀ ਵਿੱਚੋਂ ਕੁਝ ਕੁ ਪ੍ਰਮਾਣ ਇਸ ਪ੍ਰਕਾਰ ਹਨ-

(ਵਾਰ 11 ਪਉੜੀ 2)

ਇਕਤੁ ਨੁਕਤੇ ਹੋ ਜਾਏ, ਮਹਰਮ ਮੁਜਰਮੁ, ਖ਼ੈਰਿ ਖ਼ੁਆਰੀ।
ਸਸਤਨੀ ਵਿਚ ਮਸਲਤੀ, ਗੈਰ-ਮਹਿਲ ਜਾਣਾ ਮਨੁ ਮਾਰੀ।
ਗੱਲ ਨ ਬਾਹਰਿ ਨਿਕਲੈ, ਹੁਕਮੀ ਬੰਦੇ ਕਾਰ ਕਰਾਰੀ।
ਗੁਰਮੁਖਿ ਸੁਖਫਲੁ ਪਿਰਮ ਰਸੁ, ਦੇਹ ਬਿਦੇਹ, ਵਡੇ ਵੀਚਾਰੀ।
ਗੁਰ ਮੂਰਤਿ ਗੁਰ-ਸਬਦੁ ਸੁਣਿ, ਸਾਧ ਸੰਗਤ ਆਸਣ ਨਿਰੰਕਾਰੀ।
ਆਦਿ ਪੁਰਖ ਆਦੇਸ ਕਰਿ, ਅੰਮ੍ਰਿਤ ਵੇਲਾ ਸਬਦ-ਆਹਾਰੀ।
ਅਵਗਤ-ਗਤਿ ਅਗਾਧ ਬੋਧ, ਅਕਥ ਕਥਾ ਅਸਗਾਹ ਅਪਾਰੀ।
ਸਹਨਿ ਅਵੱਟਣ ਪਰਉਪਕਾਰੀ ॥2 ॥11 ॥

ਗੁਰਮੁਖਾਂ ਦੇ ਜੀਵਨ ਦਾ ਨਕਸ਼ਾ ਖਿੱਚਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੈਰ-ਮਹਿਲ (ਲਾ ਮਕਾਨ) ਪਰਮਾਤਮਾ ਵਿੱਚ ਤਦੋਂ ਹੀ ਜੁੜ ਸਕੀਦਾ ਹੈ ਜੇ ਮਨ ਨੂੰ ਵੱਸ ਵਿੱਚ ਰੱਖਿਆ ਜਾਏ। ਗੁਰਮੁਖ ਮਨੁੱਖ ਪ੍ਰਮਾਤਮਾ ਦੀ ਰਜ਼ਾ ਵਿੱਚ ਤੁਰਦੇ ਹਨ, ਪਰ ਇਸ ਗੱਲ ਦਾ ਵਿਖਾਵਾ ਨਹੀਂ ਕਰਦੇ, ਗੁਰੂ ਸਨਮੁਖ ਰਹਿ ਕੇ ਉੱਚੀ ਆਤਮਿਕ ਵਿਚਾਰ ਦੇ ਮਾਲਕ ਬਣਦੇ ਹਨ ਅਤੇ ਸਰੀਰਕ ਰੋਗਾਂ ਦੇ ਜਾਲ ਵਿੱਚ ਨਹੀਂ ਫਸਦੇ। ਗੁਰਮੁਖ ਜਾਣਦੇ ਹਨ ਕਿ ਸਾਧ ਸੰਗਤ ਨੂੰ ਨਿਰੰਕਾਰ ਦਾ ਆਸਣ ਹੈ, ਸਾਧ ਸੰਗਤ ਵਿੱਚ ਪਰਮਾਤਮਾ ਵਸਦਾ ਹੈ। ਗੁਰੂ ਦਾ ਸ਼ਬਦ ਹੀ ਗੁਰੂ ਦਾ ਅਸਲ ਰੂਪ ਹੈ ਸਰੂਪ ਹੈ। ਇਹ ਨਿਸ਼ਚਾ ਰੱਖਦੇ ਹੋਏ ਗੁਰਮੁਖ ਅੰਮ੍ਰਿਤ ਵੇਲੇ ਸਾਧ ਸੰਗਤ ਵਿੱਚ ਟਿਕ ਕੇ ਗੁਰੂ ਦੇ ਸ਼ਬਦ ਨੂੰ ਆਤਮਿਕ ਜੀਵਨ ਦੀ ਖੁਰਾਕ ਬਣਾਉਂਦੇ ਹਨ। ਸਦਾ ਇਹ ਘਾਲ ਕਮਾਈ ਕਰਦੇ ਹੋਏ ਗੁਰਮੁਖ ਦੂਜਿਆਂ ਸੇਵਾ ਭਲਾਈ ਵਿੱਚ ਤੱਤਪਰ ਰਹਿੰਦੇ ਹਨ।

(ਵਾਰ 24 ਪਉੜੀ 11)

ਤਿਲ ਮਿਲਿ ਫੁੱਲ ਅਮੁੱਲ ਜਿਉਂ ਗੁਰਸਿਖ ਸੰਥਿ ਸੁਗੰਧਿ ਫੁਲੇਲਾ।
ਖਾਸਾ ਮਲ ਮਲ ਸਿਰੀਸਾਫ਼ ਸ਼ਾਹ ਕਪਾ ਚਲਿਤ ਬਹੁ ਖੇਲਾ।
ਗੁਰ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤ ਮਿਲਿ ਅੰਮ੍ਰਿਤ ਵੇਲਾ।
ਦੁਨਿਆ ਕੂੜੀ ਸਾਹਿਬੀ ਸਚ ਮਣੀ ਸਚ ਗਰਬਿ ਗਹੇਲਾ।
ਦੇਵੀ ਦੇਵ ਦੁੜਾਇਅਨ ਜਿਉ ਮ੍ਰਿਗਾਵਲ ਦੇਖ ਬਘੇਲਾ।
ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ।
ਗੁਰਮੁਖਿ ਸਾਚਾ ਅਮਰ ਸਹੇਲਾ।

ਇਥੇ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਕਰਦੇ ਹੋਏ ਲਿਖਦੇ ਹਨ ਕਿ ਜਿਵੇਂ ਫੁੱਲਾਂ ਨਾਲ ਮਿਲ ਕੇ ਸੁਗੰਧੀ ਵਾਲਾ ਫੁਲੇਲ ਬਣ ਜਾਂਦਾ ਹੈ ਤਿਵੇਂ ਗੁਰੂ ਨੂੰ ਮਿਲ ਕੇ ਸਿੱਖ (ਗੁਰੂ ਅਮਰਦਾਸ ਜੀ) ਉੱਤੇ ਆਤਮਿਕ ਜੀਵਨ ਦੀ ਸੁਗੰਧੀ ਵਾਲੇ ਬਣ ਗਏ ਹਨ। ਦੁਨੀਆਂ ਦੀ ਪਾਤਸ਼ਾਹੀ ਉਨ੍ਹਾਂ ਨੂੰ ਝੂਠੀ ਦਿਸਣ ਲੱਗ ਪਈ। ਜਿਨ੍ਹਾਂ ਨੂੰ ਸ਼ਬਦ ਰੂਪੀ ਗੁਰੂ ਦੀ ਮੂਰਤਿ ਪ੍ਰਾਪਤ ਹੈ, ਉਹ ਦੁਨੀਆਂ ਦੀ ਸਾਹਿਬੀ ਨੂੰ ਕੂੜ ਜਾਣਦੇ ਹਨ। ਅਸਲ ਵਿੱਚ ਗੁਰੂ ਦੀ ਮੂਰਤੀ, ਗੁਰੂ ਦਾ ਸ਼ਬਦ ਹੈ ਅਤੇ ਇਸ ਦੀ ਪ੍ਰਾਪਤੀ ਸਾਧ ਸੰਗਤ ਵਿਖੇ ਅੰਮ੍ਰਿਤ ਵੇਲੇ ਪ੍ਰਾਪਤ ਹੁੰਦੀ ਹੈ। ਗੁਰੂ ਦਾ ਸ਼ਬਦ ਹੀ ਉਨ੍ਹਾਂ ਵਾਸਤੇ ਗੁਰੂ ਦਾ ਸਹੀ ਸਰੂਪ ਸੀ, ਜਿਸ ਨੂੰ ਉਹ ਅੰਮ੍ਰਿਤ ਵੇਲੇ ਉੱਠ ਕੇ ਸਾਧ ਸੰਗਤ ਵਿੱਚ ਬੈਠ ਕੇ ਆਪਣੇ ਹਿਰਦੇ ਵਿੱਚ ਵਸਾਂਦੇ ਸਨ ਅਤੇ ਸਦਾ ਹਰ ਵੇਲੇ ਗੁਰੂ ਦੇ ਹੁਕਮ ਵਿੱਚ ਆਪਣਾ ਜੀਵਨ ਬਿਤਾਂਦੇ ਸਨ।

ਇਸੇ ਹੀ 24ਵੀਂ ਵਾਰ ਦੀ ਅਖੀਰਲੀ ਪਉੜੀ ਨੰਬਰ 25 ਵਿੱਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤੱਕ ਦਾ ਜ਼ਿਕਰ ਕਰਕੇ, ਅਖੀਰ ਤੇ ਭਾਈ ਗੁਰਦਾਸ ਜੀ ਸਿੱਖ ਨੂੰ ਸੁਚੇਤ ਕਰਦੇ ਹਨ ਕਿ ਇਨ੍ਹਾਂ ਦੇ ਸਰੀਰਕ ਅਕਾਰ ਵੱਖ ਵੱਖ ਵੇਖ ਕੇ ਭੁਲੇਖਾ ਨਾ ਖਾ ਜਾਣਾ। ਚੇਤੇ ਰੱਖਣਾ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਅਸਲ ਤਸਵੀਰ ਹੈ। ਆਪ ਲਿਖਦੇ ਹਨ -

(ਵਾਰ 24 ਪਉੜੀ 25)

ਨਿਰੰਕਾਰ ਨਾਨਕ ਦੇਉ ਨਿਰੰਕਾਰ ਆਕਾਰ ਬਣਾਇਆ।
ਗੁਰੁ ਅੰਗਦ ਗੁਰੁ ਅੰਗ ਤੇ ਗੰਗਹੁ ਜਾਣ ਤਰੰਗ ਉਠਾਇਆ।
ਅਮਰਦਾਸ ਗੁਰ ਅੰਗਦੁਹ ਜੋਤਿ ਸਰੂਪ ਚਲਤੁ ਵਰਤਾਇਆ।
ਗੁਰ ਅਮਰਹੁ ਗੁਰੁ ਰਾਮਦਾਸ ਅਨਹਦ ਨਾਦਹੁ ਸਬਦ ਸੁਣਾਇਆ।
ਰਾਮਦਾਸਹੁ ਅਰਜਨ ਗੁਰੂ ਦਰਸਨ ਦਰਪਨਿ ਵਿਚ ਦਿਖਾਇਆ।
ਹਰਗੋਬਿੰਦ ਗੁਰੁ ਅਰਜਨਹੁ ਗੁਰ ਗੋਬਿੰਦ ਨਾਂਉ ਸਦਵਾਇਆ।
ਗੁਰ ਮੂਰਤਿ ਗੁਰਸਬਦ ਹੈ ਸਾਧ ਸੰਗਤ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤ ਤਰਾਇਆ।

ਭਾਵ, ਛੇਆਂ ਗੁਰੂ ਸਾਹਿਬਾਂ ਦੀ ਸਦਰਸ਼ਤਾ ਕਹੀ ਹੈ ਕਿ ਗੁਰੂ ਨਾਨਕ ਦੇਵ ਗੋਬਿੰਦ ਰੂਪ ਹੋਏ। ਦੂਜੇ ਗੁਰੂ ਪਹਿਲੇ ਗੁਰੂ ਤੋਂ ਐਉਂ ਹੋਏ ਜਿਵੇਂ ਜੋਤ ਤੋਂ ਜੋਤ ਪ੍ਰਗਟਦੀ ਹੈ, ਇਹਦੀ ਤਦ ਰੂਪਤਾ ਹੋਈ। ਚੌਥੇ ਗੁਰੂ ਐਉਂ ਜਿਵੇਂ ਅਨਾਹਦ ਤੋਂ ਸ਼ਬਦ ਉੱਠਦਾ ਹੈ, ਪੰਜਵੇਂ ਗੁਰੂ ਐਉਂ ਜਿਵੇਂ ਸ਼ੀਸ਼ੇ ਵਿੱਚ ਆਪਣਾ ਮੂੰਹ ਦੇਖੇ, ਇੱਥੇ ਭੀ ਕੋਈ ਨਾ ਰਹੀ ਤੇ ਛੇਵੇਂ ਗੁਰੂ ਜੀ ਪੰਜਵੇਂ ਤੋਂ ਉਸੇ ਤਰ੍ਹਾਂ ਹੀ ਹੋਏ। ਇਹ ਜੋ ਗਰੂ ਪਦ ਛੇ ਥਾਈਂ ਲੱਗਾ ਹੈ, ਇਹ ਇੱਕੋ 'ਗੋਬਿੰਦ ਰੂਪ' ਨੇ ਗੁਰੂ ਨਾਮ ਸਦਵਾਇਆ ਹੈ। 'ਗੁਰੂ ਦੀ ਮੂਰਤ ਵਜੂਦ ਹੈ, ਅਰ ਸਾਧ ਸੰਗਤ ਵਿੱਚ ਸਦਾ ਪ੍ਰਗਟ ਹੈ।

ਇਸ ਤੋਂ ਵਾਰ 3, ਪਉੜੀ 10 ਅਤੇ 19 ਵਿੱਚ ਵੀ ਭਾਈ ਗੁਰਦਾਸ ਜੀ ਲਿਖਦੇ ਹਨ–

ਗੁਰ ਮੂਰਤਿ ਕਰਿ ਧਿਆਨੁ ਸਦਾ ਹਜੂਰ ਹੈ।
ਗੁਰਮੁਖ ਸ਼ਬਦ ਗਿਆਨ ਨੇੜਿ ਨ ਦੂਰਿ ਹੈ।
ਅਤੇ
ਪੈਰੀਂ ਪੈ ਪਾਖਾਕੁ ਮੁਰੀਦੈ ਥੀਵਣਾ।
ਗੁਰ ਮੂਰਤਿ ਮੁਸ਼ਤਾਕੁ, ਮਰਿ ਮਰਿ ਜੀਵਣਾ।

ਭਾਵ ਸਿੱਖ ਵਾਸਤੇ ਗੁਰੂ ਦਾ ਸ਼ਬਦ ਹੀ ਗੁਰੂ ਤਸਵੀਰ ਹੈ। ਇਹ ਇੱਕ ਐਸੀ ਮੂਰਤਿ ਹੈ ਜੋ ਹਰ ਵੇਲੇ ਹਿਰਦੇ ਵਿੱਚ ਟਿਕੀ ਰਹਿ ਸਕਦੀ ਹੈ। ਇਸ ਦਾ ਆਸ਼ਕ ਸੁਆਰਥ ਵਲੋਂ ਮਰ ਕੇ ਆਤਮਿਕ ਜੀਵਨ ਜਿਊਂਦਾ ਹੈ।

ਇਨ੍ਹਾਂ ਉਦਾਹਰਣਾਂ ਤੋਂ ਜਾਣੂੰ ਹੋ ਕੇ ਸਾਨੂੰ ਇਹ ਦ੍ਰਿੜ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ 'ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤਿ ਹੈ ਅਤੇ ਸਾਡਾ ਧਿਆਨ ਗੁਰੂ ਸਾਹਿਬਾਨ ਦੀਆਂ ਮਨ ਘੜਤ ਤਸਵੀਰਾਂ ਵਲੋਂ ਹਟਾ ਕੇ ਗੁਰੂ ਦੇ ਸ਼ਬਦ ਵਿੱਚ ਲਗਾਣਾ ਚਾਹੀਦਾ ਹੈ। ਜਿਹੜਾ ਗਿਆਨ ਸਾਨੂੰ ਗੁਰੂ ਸਾਹਿਬਾਨ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਰਿਆ ਦਿੱਤਾ ਹੈ, ਉਸ ਵੱਲ ਪੂਰੀ ਤਵੱਜੋਂ ਦੇ ਕੇ ਆਗਿਆਨਤਾ ਦੇ ਹਨੇਰੇ ਵਿੱਚੋਂ ਨਿਕਲਣਾ ਚਾਹੀਦਾ ਹੈ। ਦਰਅਸਲ ਗੁਰੂ ਸ਼ਬਦ ਦੇ ਅਸਲੀ ਮਾਅਨੇ ਹਨ "ਗੁ" ਦਾ ਮਤਲਬ ਹਨੇਰਾ ਅਤੇ "ਰੂ" ਦਾ ਮਤਲਬ ਰੌਸ਼ਨੀ ਹੈ। ਜਿਹੜਾ ਸਾਨੂੰ ਹਨੇਰੇ ਤੋਂ ਰੌਸ਼ਨੀ ਵੱਲ ਲੈ ਕੇ ਜਾਵੇ ਉਸਨੂੰ ਅਸੀਂ ਗੁਰੂ ਕਹਿੰਦੇ ਹਾਂ। ਸਿੱਖ ਧਰਮ ਦਾ ਮੁੱਢਲਾ ਟੀਚਾ ਹੀ ਹੈ ਕਿ ਹਰ ਇੱਕ ਸਿੱਖ ਨੂੰ ਗਿਆਨਵੰਤ ਹੋ ਕੇ ਅਗਿਆਨਤਾ ਦੇ ਹਨੇਰੇ ਵਿੱਚੋਂ ਨਿਕਲੇ। ਗੁਰ-ਸ਼ਬਦਿ ਰੂਪੀ ਅਮਰ ਤਸਵੀਰਾਂ ਦੇ ਹੁੰਦਿਆਂ ਸਿੱਖ ਕੌਮ ਨੂੰ ਨਾਸ਼ਵੰਤ ਤਸਵੀਰਾਂ ਵੱਲ ਪ੍ਰੇਰਿਤ ਹੋਣਾ ਪੰਥ ਨੂੰ ਹਜ਼ਾਰ ਸਾਲ ਪਿਛਾਂਹ ਲੈ ਜਾਣ ਦੇ ਤੁੱਲ ਹੈ ਤੇ ਤਵੀਰ ਵੀ ਉਹ ਜੋ ਨਿਰੋਲ ਫਰਜੀ।

ਇਸ ਲਈ ਆਓ ਅੱਜ ਦ੍ਰਿੜ ਕਰੀਏ ਕਿ
"ਗੁਰ ਮੂਰਤਿ ਗੁਰ ਸ਼ਬਦ ਹੈ"

ਬਾਗੀ ਵਾਲੇ ਚੂਰਨ ਦੇ ਕ੍ਰਿਸ਼ਮੇ

ਬਿਲਕੁਲ ਇੱਕੋ ਜਿਹਾ ਗੁਨਾਹ ਕਰਨ ਦੇ ਕਸੂਰ ਵਜੋਂ, ਤਿੰਨ ਵਿਅਕਤੀਆਂ ਨੂੰ ਨਗਰ-ਮੁਖੀਏ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਕਿ ਉਨ੍ਹਾਂ ਨੂੰ ਯੋਗ ਦੰਡ ਲਾਇਆ ਜਾ ਸਕੇ। ਇਕੱਲੇ ਇਕੱਲੇ ਦੀ ਕਰਤੂਤ ਸੁਣਨ ਤੋਂ ਬਾਅਦ ਮੁਖੀਏ ਨੇ ਇੱਕ ਦੋਸ਼ੀ ਨੂੰ ਸਜ਼ਾ ਸੁਣਾਉਂਦਿਆਂ ਪੂਰੇ ਗੁੱਸੇ ਨਾਲ ਆਖਿਆ-"ਇਸ ਬੰਦੇ ਦੇ ਗਲ ਵਿੱਚ ਛਿੱਤਰਾਂ ਦਾ ਹਾਰ ਪਾ ਕੇ ਇਸ ਨੂੰ ਨਗਰ ਵਿੱਚ ਘੁਮਾਇਆ ਜਾਵੇ ਅਤੇ ਇਹਦੇ ਕੋਲੋਂ ਇੱਕ ਸੌ ਰੁਪਏ ਜੁਰਮਾਨੇ ਦੇ ਵਸੂਲੇ ਜਾਣ!"

ਸੁਣਾਈ ਗਈ ਸਜ਼ਾ ਨੂੰ 'ਅਮਲੀ ਜਾਮਾ' ਪਹਿਨਾਉਣ ਲਈ ਕੁਝ ਜੋਸ਼ੀਲੇ ਨੌਜਵਾਨ ਉਸੇ ਵੇਲੇ ਹਰਕਤ ਵਿੱਚ ਆ ਗਏ। ਦੂਸਰੇ ਗੁਨਾਹਗਾਰ ਨੂੰ ਸਜ਼ਾ ਸੁਣਾਉਂਦਿਆਂ ਮੁਖੀਆ ਬੋਲਿਆ-

"ਇਸ ਨੂੰ ਪੰਜਾਹ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ।" ਜਦੋਂ ਤੀਜੇ ਦੋਸ਼ੀ ਨੂੰ ਭਰੀ ਸਭਾ ਵਿੱਚ ਮੁਖੀਏ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਦੀਆਂ ਅੱਖਾਂ 'ਚ ਅੱਖਾਂ ਪਾਉਂਦਿਆਂ ਮੁਖੀਆ ਆਖਣ ਲੱਗਾ-

"......ਸੱਜਣਾਂ ਇਹ 'ਕਰਤੂਤ' ਕਰਨ ਲੱਗਿਆਂ ਤੈਨੂੰ ਭੋਰਾ ਵੀ ਸ਼ਰਮ ਨਹੀਂ ਆਈ ? ਤੂੰ ਕੁਝ ਤਾਂ ਅਕਲ ਨੂੰ ਹੱਥ ਮਾਰਦਾ ? ਕੀ ਕਹਾਂ ਤੈਨੂੰ ਹੁਣ.....ਜਾਹ ਦਫਾ ਹੋ ਜਾਹ ਇੱਥੋਂ !" ਤੀਸਰਾ ਦੋਸ਼ੀ ਇਹ ਸੁਣਦਿਆਂ ਹੀ ਨਿੰਮੋਝੂਣਾ ਜਿਹਾ ਹੋ ਕੇ ਉਥੋਂ ਤੁਰ ਪਿਆ। ਪਰ ਇਸ ਅਨੋਖੇ ਫੈਸਲੇ ਨੂੰ ਸੁਣਦਿਆਂ ਸਾਰ ਪੂਰੇ ਨਗਰ ਵਿੱਚ ਚੁਰ-ਚੁਰ ਹੋਣ ਲੱਗ ਪਈ। ਜਿੰਨੇ ਮੂੰਹ ਓਨੀਆਂ ਗੱਲਾਂ ! ਕੋਈ ਕੁਝ ਕਹੇ ਕੋਈ ਕੁਝ !! ਲੋਕਾਂ ਦੀ ਗੱਲ ਵੀ ਸਹੀ ਸੀ ਕਿ ਗੁਨਾਹ ਤਿੰਨਾਂ ਜਣਿਆਂ ਦਾ ਇੱਕੋ ਜਿਹਾ, ਪਰ ਤਿੰਨਾਂ ਦੀਆਂ ਸਜ਼ਾਵਾਂ 'ਚ ਢੇਰ ਸਾਰਾ ਫਰਕ ! ਇੱਕ ਨੂੰ ਸੌ ਰੁਪਏ ਜ਼ੁਰਮਾਨੇ ਦੇ ਨਾਲ ਨਾਲ ਜੁੱਤੀਆਂ ਦਾ ਹਾਰ ਵੀ ਪਹਿਨਾਇਆ ਗਿਆ। ਦੂਜੇ ਨੂੰ ਕੇਵਲ ਪੰਜਾਹ ਰੁਪਏ ਜੁਰਮਾਨਾ ਹੀ, ਜਦਕਿ ਤੀਸਰੇ ਨੂੰ ਸਿਰਫ ਘੂਰ ਭਰੇ ਸ਼ਬਦ ਕਹਿ ਕੇ ਹੀ ਛੱਡ ਦਿੱਤਾ ਗਿਆ !

ਨਗਰ ਮੁਖੀਏ ਵਲੋਂ ਕੀਤੀ ਗਈ ਇਸ ਬੇ-ਇਨਸਾਫੀ ਵਿਰੁੱਧ ਰੋਸ ਜਤਾਉਣ ਲਈ ਨਗਰ ਵਾਸੀਆਂ ਨੇ ਆਪਣੇ ਕੁਝ ਚੋਣਵੇਂ ਬੰਦਿਆਂ ਨੂੰ ਮੁਖੀਏ ਪਾਸ ਭੇਜਿਆ। ਜਿਨ੍ਹਾਂ ਨੇ ਮੁਖੀ ਨੂੰ ਮਿਲ ਕੇ ਉਹਦੇ ਵਲੋਂ ਕੀਤੇ ਗਏ ਅਨਿਆਂ ਭਰੇ ਫੈਸਲੇ ਬਾਬਤ ਗਿਲਾ ਜ਼ਾਹਰ ਕੀਤਾ। ਇਨ੍ਹਾਂ ਸੱਜਣਾਂ ਦੀ ਸ਼ਿਕਾਇਤ ਸੁਣ ਕੇ ਮੁਖੀਆ ਧੀਰਜ ਨਾਲ ਕਹਿਣ ਲੱਗਾ-

"ਤੁਹਾਡੇ ਇਤਰਾਜ਼ ਮੈਂ ਬਾਅਦ ਵਿੱਚ ਸੁਣਾਂਗਾ, ਜਾਉ ਪਹਿਲਾਂ ਤਿੰਨਾਂ ਹੀ ਦੋਸ਼ੀਆਂ ਨੂੰ ਮਿਲ ਕੇ ਆਓ। ਬਾਅਦ ਵਿੱਚ ਮੈਨੂੰ ਮਿਲਣਾ।"

ਮੁਖੀਏ ਦੇ ਕਹੇ ਤੋਂ ਉਹ ਵਿਅਕਤੀ ਦੋਸ਼ੀਆਂ ਦੇ ਘਰਾਂ ਵੱਲ ਚੱਲ ਪਏ। ਜਦੋਂ ਉਹ ਪਹਿਲੇ ਦੋਸ਼ੀ ਦੇ ਘਰ ਪਹੁੰਚੇ, ਜਿਸ ਨੂੰ ਸੌ ਰੁਪਏ ਜੁਰਮਾਨੇ ਦੇ ਨਾਲ ਨਾਲ ਛਿੱਤਰਾਂ ਦਾ ਹਾਰ ਪਾ ਕੇ ਨਗਰ ਵਿੱਚ ਵੀ ਘੁਮਾਇਆ ਗਿਆ ਸੀ। ਤਾਂ ਕੀ ਵੇਖਦੇ ਹਨ ਕਿ ਉਹ ਗੁਨਾਹਗਾਰ ਆਪਣੇ ਘਰ ਦੇ ਵਿਹੜੇ 'ਚ ਬੈਠਾ ਸ਼ਰਾਬ ਪੀ ਰਿਹਾ ਹੈ। 'ਦੁਰਰ....ਰਾ, ਦੁੱਰਰ....ਰਾ' ਕਰਕੇ ਮੱਘੇ ਕੱਢਦਿਆਂ ਹੋਇਆਂ ਉਹ ਉੱਚੀ ਉੱਚੀ ਬੋਲ ਰਿਹਾ ਹੈ-

"ਮੁਖੀਏ ਦੀ ਕੀ ਮਜ਼ਾਲ ਕਿ ਉਹ ਮੈਨੂੰ 'ਸਜ਼ਾ' ਦਿੰਦਾ। ......ਇੱਕ ਸੌ ਰੁਪਏ ਦਾ ਕੀ ਐ.....ਇਹ ਤਾਂ ਮੇਰੇ ਦੋ ਦਿਨਾਂ ਦੀ ਕਮਾਈ ਹੈ। ਇਹੋ ਜਿਹੀਆਂ 'ਨਿੱਕੀਆਂ ਗੱਲਾਂ' ਨੂੰ ਮੈਂ ਕੀ ਸਮਝਦਾ ਹਾਂ ?" ਛਿੱਤਰ ਗਲ 'ਚ ਪੁਆ ਕੇ ਅਤੇ ਸੌ ਰੁਪਏ ਜੁਰਮਾਨਾ ਭਰਨ ਨੂੰ ਨਿੱਕੀਆਂ ਗੱਲਾਂ ਦੱਸਣ ਵਾਲੇ ਇਹ 'ਸ਼ਰਮ ਪਰੂਫ' ਬੰਦੇ ਦੀ ਬੇ-ਹਯਾਈ ਦੇਖਣ ਤੋਂ ਬਾਅਦ, ਲੋਕ ਨੁਮਾਇੰਦੇ ਦੂਜੇ ਦੋਸ਼ੀ ਦੇ ਘਰ ਜਾ ਪਹੁੰਚੇ। ਉਨ੍ਹਾਂ ਉਸ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਦੋਸ਼ੀ ਬਾਰੇ ਪੁੱਛਿਆ ਕਿ ਉਹ ਕਿੱਥੇ ਹੈ ? ਅੱਗਿਓਂ ਜਵਾਬ ਮਿਲਿਆ-

"ਜੀ ਉਹ ਤਾਂ ਜਦੋਂ ਦਾ ਪੰਜਾਹ ਰੁਪਏ ਜੁਰਮਾਨਾ ਦੇ ਕੇ ਘਰੇ ਆਇਆ ਸੀ ਉਦੋਂ ਦਾ ਹੀ ਅੰਦਰ ਵੜ ਕੇ ਰੋਈ ਜਾ ਰਿਹਾ ਹੈ....ਸ਼ਰਮਿੰਦਗੀ ਦਾ ਮਾਰਿਆ ਬਾਹਰ ਹੀ ਨਹੀਂ ਨਿੱਕਲ ਰਿਹਾ। ਉਹ ਤਾਂ ਨਮੋਸ਼ੀ ਨਾਲ ਹੀ ਮਰਿਆ ਹੋਇਆ ਹੈ।......ਆਪਣੇ ਕੀਤੇ ਤੇ ਰੋ ਰੋ ਕੇ ਪਛਤਾ ਰਿਹਾ ਹੈ।" ਇਨ੍ਹਾਂ ਸੱਜਣਾਂ ਦੇ ਸਮੂਹ ਨੂੰ ਹੁਣ ਨਗਰ ਮੁਖੀ ਦੇ 'ਅਸਚਰਜ ਫੈਸਲੇ' ਦੀ ਕੁਛ ਕੁਛ 'ਸਮਝ' ਪੈਂਦੀ ਜਾ ਰਹੀ ਸੀ। ਆਖਰ ਉਹ ਤੀਸਰੇ ਦੋਸ਼ੀ ਦੇ ਘਰੇ ਚਲੇ ਗਏ, ਜਿਸ ਨੂੰ ਮੁਖੀਏ ਨੇ ਘੂਰ ਭਰੇ ਸ਼ਬਦ ਹੀ ਕਹੇ ਸਨ। ਉਸ ਦੇ ਘਰ ਵਾਲਿਆਂ ਨੂੰ ਜਦੋਂ ਗੁਨਾਹਗਾਰ ਬਾਰੇ ਪੁੱਛਿਆ ਗਿਆ ਤਾਂ ਇੱਕ ਜਣਾ ਨਿੰਮੋਝੂਣਾ ਜਿਹਾ ਹੋ ਕੇ ਦੱਸਣ ਲੱਗਾ- "ਭਰਾਵੋ, ਸਾਰੀ ਪਰ੍ਹਿਆ ਦੇ ਸਾਹਮਣੇ, ਨਗਰ ਮੁਖੀਏ ਵਲੋਂ ਪਈ ਝਾੜ ਨੂੰ ਉਹ ਬਰਦਾਸ਼ਤ ਹੀ ਨਹੀਂ ਕਰ ਸਕਿਆ। ਉਹ ਤਾਂ ਉਥੋਂ ਹੀ ਪਤਾ ਨਹੀਂ ਕਿੱਧਰ ਨੂੰ ਚਲਾ ਗਿਆ ਹੈ। ਕਿਸੇ ਰਾਹੀ ਮੁਸਾਫਰ ਰਾਹੀਂ ਉਸ ਨੇ ਸਾਨੂੰ ਸੁਨੇਹਾ ਭੇਜਿਆ ਹੈ ਕਿ ਉਹ ਘਰ ਨਹੀਂ ਆਵੇਗਾ ਕਿਉਂਕਿ ਕਿਹੜਾ ਮੂੰਹ ਲੈ ਕੇ ਉਹ ਪਿੰਡ 'ਚ ਰਹੇਗਾ ! ਇਸ ਨਗਰ ਨੂੰ ਸ਼ਾਇਦ ਉਹ ਸਦਾ ਲਈ ਛੱਡ ਕੇ ਚਲਾ ਗਿਆ ਹੈ।"

ਮੁਖੀਏ ਵਲੋਂ ਦਿੱਤੀਆਂ ਸਜ਼ਾਵਾਂ ਨੂੰ 'ਭਾਰੀ ਅਨਿਆਂ' ਕਹਿਣ ਵਾਲੇ ਲੋਕ, ਤਿੰਨਾਂ ਦੋਸ਼ੀਆਂ ਦੀ ਫਿਤਰਤ ਤੋਂ ਜਾਣੂੰ ਹੋਣ ਤੋਂ ਬਾਅਦ ਇੱਕ ਜ਼ੁਬਾਂ ਹੋ ਕੇ ਆਖਣ ਲੱਗ ਪਏ ਕਿ ਨਗਰ ਮੁਖੀ ਦਾ ਫੈਸਲਾ ਗਲਤ ਨਹੀਂ ਸੀ !

ਪਾਠਕ ਮਿੱਤਰੋ, ਆਪਾਂ ਜੇ ਉਪਰੋਕਤ ਬਿਰਤਾਂਤ ਪੜ੍ਹਨ ਤੋਂ ਬਾਅਦ ਪੜਚੋਲਵੀਂ ਨਜ਼ਰ ਨਾਲ 'ਆਪਨੜੇ ਗਿਰੀਵਾਨ' ਤੋਂ ਲੈ ਕੇ ਆਪਣੇ ਆਲੇ ਦੁਆਲੇ ਦੇ ਮਿੱਤਰਾਂ, ਦੋਸਤਾਂ, ਰਿਸ਼ਤੇਦਾਰਾਂ, ਸਭਾ ਸੁਸਾਇਟੀਆਂ ਅਤੇ ਖਾਸ ਕਰਕੇ ਸਿਆਸੀ ਆਗੂਆਂ ਵੱਲ ਦੇਖੀਏ ਤਾਂ ਉਕਤ ਦੋਸ਼ੀਆਂ ਦੀਆਂ ਤਿੰਨ ਕੈਟੇਗਰੀਆਂ ਵਿੱਚੋਂ ਪਹਿਲੀ ਕੈਟਾਗਰੀ ਨਾਲ ਸਬੰਧਿਤ ਸੱਜਣਾਂ ਦੇ ਹੀ ਜ਼ਿਆਦਾਤਰ ਦਰਸ਼ਨ ਹੋਣਗੇ। ਦੂਸਰੀਆਂ ਦੋ ਕੈਟਾਗਰੀਆਂ ਭਾਵੇਂ ਅਲੋਪ ਤਾਂ ਨਹੀਂ ਹੋਈਆਂ (ਕਿਉਂਕਿ ਕਿਹਾ ਜਾਂਦਾ ਹੈ ਕਿ ਧਰਤੀ, ਸੱਚ ਦੇ ਆਸਰੇ ਹੀ ਖੜ੍ਹੀ ਹੈ) ਪਰ ਅੱਜ ਦੇ ਸਮੇਂ, ਇਹ ਆਟੇ 'ਚ ਲੂਣ ਮਾਤਰ ਹੀ ਰਹਿ ਗਈਆਂ ਹਨ। ਅਜੋਕੇ ਰਾਜਨੀਤਕ ਤਾਣੇ-ਬਾਣੇ ਵੱਲ ਸਰਸਰੀ ਜਿਹੀ ਨਜ਼ਰ ਮਾਰਿਆਂ ਐਸੀਆਂ ਅਣਗਿਣਤ 'ਮਹਾਨ ਸਖਸ਼ੀਅਤਾਂ' ਨਜ਼ਰੀਂ ਪੈਣਗੀਆਂ ਜਿਹੜੀਆਂ 'ਬਦਨਾਮ ਹੋਂਗੇ ਤੋ ਕਿਆ ਨਾਮ ਨਾ ਹੋਗਾ !' ਵਾਲਾ ਸਲੋਗਨ 'ਹਿੱਕ ਥਾਪੜ' ਕੇ ਲਗਾ ਰਹੀਆਂ ਹੋਣਗੀਆਂ। ਬਹੁਤੀਆਂ ਮਿਸਾਲਾਂ ਦੇਣ ਦੀ ਲੋੜ ਨਹੀਂ ਭਾਸਦੀ ਕਿਉਂਕਿ ਅਜੋਕੀਆਂ ਅਖਬਾਰਾਂ ਸਿਆਸਤਦਾਨਾਂ ਦੀਆਂ ਪਲ ਪਲ ਬਦਲਦੀਆਂ ਬਿਆਨਬਾਜ਼ੀਆਂ ਨਾਲ ਹੀ ਭਰੀਆਂ ਹੁੰਦੀਆਂ ਹਨ। ਵਾਟਰ-ਪਰੂਫ ਘੜੀਆਂ ਵਾਂਗ ਸਿਆਸੀ ਨੇਤਾ ਵੀ ਸ਼ਰਮ ਪਰੂਫ ਹੀ ਹੋ ਗਏ ਹਨ। ਇਲੈਕਸ਼ਨ ਵਿੱਚ ਬੁਰੀ ਤਰ੍ਹਾਂ ਹਾਰੇ ਹੋਏ ਕਿਸੇ ਨੇਤਾ ਨੂੰ ਆਮ ਲੋਕ ਸਮਝਦੇ ਹਨ ਕਿ ਹੁਣ 'ਫਲਾਣਾ ਸਿਹੁੰ' ਕੁਸਕੇਗਾ ਨਹੀਂ ਪਰ ਬੇਇਜ਼ਤੀ ਵਰਗੀ ਹਾਰ ਖਾ ਕੇ ਬਹਿਣ ਵਾਲਾ ਲੀਡਰ, ਕਿਸੇ ਦੀ ਢੀਠਤਾਈ ਨਾਲ ਅਜਿਹਾ ਬਿਆਨ ਦਾਗ ਦਿੰਦਾ ਹੈ-

"ਮੈਂ ਹਲਕਾ ਨਿਵਾਸੀਆਂ ਦਾ ਦਿਲ ਦੀਆਂ ਡੂੰਘਾਈਆਂ 'ਚੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਮੈਨੂੰ ਫਲਾਣੇ ਸੰਨ ਵਿੱਚ ਹੋਈਆਂ ਚੋਣਾਂ ਦੇ ਮੁਕਾਬਲੇ ਐਤਕਾਂ, ਐਨੀਆਂ ਪਰਸੈਂਟ ਵੋਟਾਂ 'ਵੱਧ' ਪਾਈਆਂ। ਮੈਂ ਹਲਕੇ ਦੇ ਲੋਕਾਂ ਦੀ ਤਨ, ਮਨ, ਧਨ ਨਾਲ ਸੇਵਾ ਕਰਦਾ ਰਹਾਂਗਾ।" ਵੋਟਰ ਮੂੰਹ 'ਚ ਉਂਗਲਾਂ ਪਾ ਕੇ ਸੋਚਦੇ ਹਨ ਕਿ ਜੇ ਪਹਿਲਾਂ ਨਾਲੋਂ ਵੱਧ ਪਰਸੈਂਟ ਵੋਟਾਂ ਮਿਲੀਆਂ ਹੋਣ ਤਾਂ ਇਹ ਫਿਰ ਹਾਰ ਕਿੱਦਾਂ ਗਿਆ ? ਵੋਟਰ ਵਿਚਾਰੇ ਕੀ

ਜਾਨਣ ਕਿ ਨੇਤਾ ਵਲੋਂ ਦੱਸੇ ਜਾ ਰਹੇ ਪਰਸੈਂਟਾਂ ਵਾਲੇ ਅੰਕੜੇ ਕਿਹੜਾ ਕਿਤੇ 'ਸਰਵੇ ਆਫ ਇੰਡੀਆ' ਵਲੋਂ ਜਾਰੀ ਕੀਤੇ ਹੋਏ ਹਨ। ਇਹ ਤਾਂ ਸਿਆਸਤਦਾਨਾਂ ਦੀ ਢੀਠਤਾਈ ਦਾ ਪ੍ਰਗਟਾਵਾ ਹੀ ਹੁੰਦੇ ਹਨ।

ਚੋਣਾਂ ਸਮੇਂ ਤਰਲੇ ਤੇ ਹਾੜ੍ਹੇ ਕੱਢ ਕੱਢ ਕੇ ਲਈਆਂ ਵੋਟਾਂ ਦੀ ਬਦੌਲਤ ਸੱਤਾ ਦੀ ਕੁਰਸੀ ਹਾਸਲ ਕਰਕੇ, ਬੜੀ ਬੇਸ਼ਰਮੀ ਨਾਲ ਚੋਣ ਮੈਨੀਫੈਸਟੋ ਨੂੰ ਰੱਦੀ ਦੀ ਟੋਕਰੀ 'ਚ ਸੁੱਟ ਦਿੱਤਾ ਜਾਂਦਾ ਹੈ। ਕਰੋੜਾਂ-ਅਰਬਾਂ ਦੇ ਭ੍ਰਿਸ਼ਟਾਚਾਰ ਕਰਕੇ ਜੇਲ੍ਹਾਂ 'ਚ ਜਾਣ ਵਾਲੇ ਲੀਡਰ 'ਸਮਾਂ ਬਦਲ' ਜਾਣ ਬਾਅਦ ਪਤਾ ਨਹੀਂ ਕਿਹੜੇ ਮੂੰਹ ਨਾਲ ਵਿਕਾਸ ਕਰਨ ਦੀਆਂ ਡੀਂਗਾਂ ਮਾਰਨ ਲੱਗ ਪੈਂਦੇ ਹਨ। ਦੇਸ਼ ਦੀ ਧੰਨ ਸੰਪਦਾ ਨੂੰ ਦੋਹੀਂ ਹੱਥੀ ਲੁੱਟਣ ਵਾਲੇ, ਆਮ ਪਬਲਿਕ ਨੂੰ ਇਮਾਨਦਾਰੀ ਦੇ ਸਬਕ ਪੜਾਉਣ ਲੱਗੇ ਭੋਰਾ ਵੀ ਸ਼ਰਮ ਨਹੀਂ ਕਰਦੇ! ਸੱਤਾ ਦੀ ਕੁਰਸੀ ਲਈ ਸੰਘਰਸ਼ ਕਰਨ ਸਮੇਂ, ਦੂਜੀ ਪਾਰਟੀ ਵਲੋਂ ਕੀਤੇ ਗਏ ਕਤਲਾਂ ਤੱਕ ਦੇ ਗੁਨਾਹਾਂ ਦੀ ਇਨਕੁਆਰੀ ਕਰਾਉਣ ਦੇ ਦਾਅਵੇ ਕਰਨ ਵਾਲੇ, ਕੁਰਸੀ 'ਤੇ ਬਹਿੰਦਿਆਂ ਸਾਰ ਹੀ ਬੀਤੇ ਸਮੇਂ ਦੀਆਂ 'ਕੜਵ੍ਹਾਟਾਂ ਭੁੱਲ ਜਾਓ' ਦਾ ਉਪਦੇਸ਼ ਦੇਣ ਲੱਗ ਪੈਂਦੇ ਹਨ। ਰਿਸ਼ਵਤਖੋਰੀ ਤੋਂ ਲੈ ਕੇ ਕਤਲ ਤੱਕ ਦੇ ਮੁਕੱਦਮਿਆਂ ਵਿੱਚ ਫਸੇ ਕਈ ਨੇਤਾ ਅਦਾਲਤਾਂ ਤੋਂ ਬਾਹਰ ਆਉਂਦਿਆਂ ਇੰਝ ਹਿੜ-ਹਿੜ ਕਰਕੇ ਫੋਟੋ ਖਿਚਵਾਉਂਦੇ ਹਨ ਜਿਵੇਂ ਕਿਤੇ ਕ੍ਰਿਕਟ ਟੀਮ ਦੇ ਜੇਤੂ ਖਿਡਾਰੀ ਏਅਰਪੋਰਟ ਤੋਂ ਬਾਹਰ ਆ ਰਹੇ ਹੁੰਦੇ ਹਨ। ਵਕੀਲਾਂ 'ਚ ਘਿਰੇ ਕਈ ਸਿਆਸਤਦਾਨ ਤਾਂ ਇੰਜ ਚਿੱਟੇ ਦੰਦ ਕੱਢਦੇ ਹਨ ਜਿਵੇਂ ਕਿਤੇ ਉਹ ਕੌਲਗੇਟ ਟੂਥਪੇਸਟ ਦੀ ਮਸ਼ਹੂਰੀ ਲਈ ਐਡ-ਫਿਲਮ ਦੀ ਸ਼ੂਟਿੰਗ ਕਰ ਰਹੇ ਹੋਣ। ਸ਼ਰਮ ਹਯਾ ਦਾ ਭੋਰਾ ਵੀ ਨੇੜੇ ਤੇੜੇ ਦਿਖਾਈ ਨਹੀਂ ਦੇ ਰਿਹਾ ਹੁੰਦਾ।

ਇੱਥੇ ਮੈਨੂੰ ਕਾਫੀ ਅਰਸਾ ਪਹਿਲਾਂ ਦੁਆਬੇ ਵਿੱਚ ਹੁੰਦੀਆਂ ਅਕਾਲੀ ਕਾਨਫਰੰਸਾਂ ਵਿੱਚ ਇੱਕ ਮਸਖਰੇ ਵਲੋਂ ਸੁਣਾਇਆ ਜਾਣ ਵਾਲਾ 'ਨੁਸਖਾ' ਯਾਦ ਆ ਰਿਹਾ ਹੈ। ਆਮ ਤੌਰ 'ਤੇ ਜ਼ਿਲ੍ਹਾ ਜਲੰਧਰ ਵਿੱਚ ਹੋਣ ਵਾਲੀਆਂ ਅਜਿਹੀਆਂ ਕਾਨਫਰੰਸਾਂ ਵਿੱਚ, ਚਿੱਟਾ ਕੁੜਤਾ ਪਜਾਮਾ ਅਤੇ ਸਿਰ ਉਪਰ ਬਾਂਦਰ ਟੋਪੀ ਪਹਿਨਣ ਵਾਲਾ, ਸੁੱਕੇ ਜਿਹੇ ਸਰੀਰ ਵਾਲਾ 'ਬਾਗੀ' ਨਾਂ ਵਾਲਾ ਮਸਖਰਾ ਲੋਕਾਂ ਨੂੰ ਖੂਬ ਹਸਾਇਆ ਕਰਦਾ ਹੁੰਦਾ ਸੀ। ਬੜੇ ਹੀ ਮਜ਼ਾਕੀਆ ਲਹਿਜੇ ਵਿੱਚ ਉਹ ਸਿਰ ਤੋਂ ਟੋਪੀ ਲਾਹ ਕੇ ਇਸ ਨੂੰ ਹੱਥ ਦੀ ਹਥੇਲੀ 'ਤੇ ਕੂੰਡੇ ਵਾਂਗ ਰੱਖ ਕੇ, ਨਾਟਕੀ ਅੰਦਾਜ਼ 'ਚ ਦਰਸ਼ਕਾਂ, ਸਰੋਤਿਆਂ ਨੂੰ ਮੁਖਾਤਿਬ ਹੋਇਆ ਕਰਦਾ ਸੀ-

"ਲਓ ਭਰਾਵੋ, ਧਿਆਨ ਨਾਲ ਸੁਣਿਓ ਜੇ - ਪੜ੍ਹੇ ਲਿਖੇ ਸੱਜਣ ਪੈੱਨ ਤੇ ਕਾਗਜ਼ ਕੱਢ ਲਓ। ਮੈਂ ਲੱਗਾਂ ਜੇ ਲੀਡਰ ਬਣਨ ਦਾ ਨੁਸਖਾ ਦੱਸਣ! ....ਫਿਰ ਨਾ ਮੈਨੂੰ ਕਹਿਣਾ ਕਿ 'ਬਾਗੀ ਜੀ' ਫਲਾਣੀ ਚੀਜ਼ ਦੁਬਾਰਾ ਦੱਸਿਓ! ......ਅੱਜ ਇਹ 'ਲੀਡਰ ਮਾਰਕਾ ਚੂਰਨ' ਬਣਾਉਣ ਦੀ ਤਰਕੀਬ ਮੁਫਤੋ-ਮੁਫਤੀ ਦੱਸ ਰਿਹਾ ਹਾਂ.....ਵਿਧੀ ਅਨੁਸਾਰ ਬਣਾ ਕੇ ਇਹ ਚੂਰਨ ਖਾ ਲਓਗੇ ਤਾਂ ਅਵੱਸ਼ ਲੀਡਰ ਬਣ ਜਾਓਗੇ.....ਮੇਰਾ ਦਾਅਵਾ ਹੈ।" ਉਸ ਦਾ ਇਹ ਐਲਾਨ ਸੁਣ ਕੇ ਸਾਰੇ ਸਰੋਤਿਆਂ ਨੇ ਕੰਨ ਖੜ੍ਹੇ ਕਰ ਲੈਣੇ ਅਤੇ ਸਾਹ ਰੋਕ ਕੇ ਉਸ ਨੂੰ ਸੁਣਨਾ.....।

"......ਤੇ ਹਾਂ ਜੀ, ਜ਼ਰਾ ਗੌਰ ਫੁਰਮਾਉਣਾ.....ਬਦਮਾਸ਼ੀ ਦੀਆਂ ਜੜ੍ਹਾਂ, ਬੇ-ਸ਼ਰਮੀ ਦੇ ਬੀਜ, ਨਾਲਾਇਕੀ ਦੇ ਪੱਤੇ, ਚਲਾਕੀ ਦੇ ਫੁੱਲ, ਫੁਕਰਪੁਣੇ ਦੀਆਂ ਗਿਟਕਾਂ, ਗੱਪਾਂ ਦਾ ਸਤ, ਕਮੀਨਗੀ ਦੀ ਛਿੱਲ, ਫਰੇਬ ਅਤੇ ਮੱਕਾਰੀ ਦਾ ਅਰਕ, ਹਰਾਮਜ਼ਦਗੀ ਅਤੇ ਢੀਠਤਾਈ ਦੀ ਭਸਮ, ਸੀਨਾ-ਜੋਰੀ ਦੇ ਫਲ, ਪੀਸੀ ਹੋਈ ਖੁਦਗਰਜ਼ੀ ਤੇ ਮੌਕਾਪ੍ਰਸਤੀ, ਲੋਭ ਤੇ ਲਾਲਚ ਦਾ ਗੁੱਦਾ.......ਬਰਾਬਰ ਤੋਲ ਵਿੱਚ ਇਹ ਸਾਰੀਆਂ ਵਸਤੂਆਂ ਲੈ ਕੇ, 'ਝੂਠ ਦੇ ਕੂੰਡੇ' ਵਿੱਚ ਪਾ ਕੇ, 'ਲੁੱਚਪੁਣੇ' ਦੇ ਘੋਟਣੇ ਨਾਲ ਚੰਗੀ ਤਰ੍ਹਾਂ ਕੁੱਟ ਲੈਣੀਆਂ। ਆਪਣੇ 'ਟੇਸਟ' ਮੁਤਾਬਿਕ 'ਪਖੰਡ ਅਤੇ ਜਾਹਲਪੁਣੇ' ਦਾ ਲੂਣ ਮਿਕਸ ਕਰ ਲੈਣਾ। ਬਰੀਕ ਪੀਸੀ ਹੋਈ ਸਾਰੀ ਸਮੱਗਰੀ ਨੂੰ 'ਕੁਨਬਾ-ਪ੍ਰਸਤੀ' ਦੀ ਛਾਨਣੀ ਨਾਲ ਛਾਣ ਕੇ, 'ਹੈਂਕੜਬਾਜ਼ੀ' ਦੇ ਮਰਦ-ਬਾਨ ਵਿੱਚ ਪਾ ਕੇ ਸਾਂਭ ਲੈਣਾ! .....ਬਸ ਜੀ, ਇਸ 'ਅਨਮੋਲ ਚੂਰਨ' ਦਾ ਇੱਕ ਇੱਕ ਚਮਚਾ, ਸਵੇਰੇ ਸ਼ਾਮ 'ਸੋਮਰਸ' ਨਾਲ ਛਕਣਾ ਸ਼ੁਰੂ ਕਰ ਦਿਓ! ਪਹਿਲੀ ਨਿਸ਼ਾਨੀ ਤਾਂ ਇਹ ਕਿ ਖਾਣ ਉਪਰੰਤ 'ਹਾਜ਼ਮਾ' ਇੰਨਾ ਬਲਵਾਨ ਹੋ ਜਾਏਗਾ ਕਿ ਲੋਹਾ, ਲੁੱਕ, ਸਰੀਆ, ਸੀਮੈਂਟ, ਜੋ ਖਾਓਗੇ ਸਭ ਹਜ਼ਮ! ਹਫਤੇ ਦੇ ਵਿੱਚ ਵਿੱਚ ਹੀ 'ਲੀਡਰੀ ਦੇ ਚਿੰਨ੍ਹ' ਸਾਫ ਦਿਖਾਈ ਦੇਣ ਲੱਗ ਪੈਣਗੇ!!

'ਥਿਆਲੀ 'ਤੇ ਕੂੰਡੇ ਵਾਂਗ ਟੋਪੀ ਰੱਖ ਕੇ, ਦੂਜੇ ਹੱਥ ਦੀਆਂ ਉਂਗਲਾਂ ਨਾਲ ਉਸ ਵਿੱਚ ਚੀਜ਼ਾਂ ਪਾਉਣ ਦੀ ਐਕਟਿੰਗ ਕਰਦਾ ਹੋਇਆ, ਉਹ ਲੋਕਾਂ ਨੂੰ ਹਸਾ ਹਸਾ ਕੇ ਲੋਟ ਪੋਟ ਕਰ ਦਿੰਦਾ ਸੀ। ਉਨ੍ਹਾਂ ਦਿਨਾਂ ਵਿੱਚ ਅਸੀਂ ਸਮਝਦੇ ਹੁੰਦੇ ਸਾਂ ਕਿ ਬਾਗੀ ਦਾ ਦੱਸਿਆ ਚੂਰਨ ਸਿਰਫ ਕਾਂਗਰਸੀ ਹੀ ਖਾਂਦੇ ਹੋਣਗੇ। ਲੇਕਿਨ 'ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ' ਅਨੁਸਾਰ ਅਸੀਂ ਤਜਰਬੇ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ 'ਪੰਥ ਦੇ ਰਾਖੇ' ਸਦਾਉਣ ਵਾਲੇ ਅਕਾਲੀ ਭਰਾਵਾਂ ਨੇ ਹੁਣ ਇਹ ਚੂਰਨ 'ਪੇਟੈਂਟ' ਹੀ ਕਰਵਾ ਲਿਆ ਹੋਇਆ ਹੈ। ਤਾਹੀਓਂ ਤਾਂ ਉਹ ਇੱਕ ਪਾਸੇ ਉੱਚਾ ਇਖਲਾਕ ਅਤੇ ਮਾਇਆ ਤੋਂ ਨਿਰਲੇਪ ਰਹਿਣ ਦਾ ਸੰਦੇਸ਼ ਦੇਣ ਵਾਲੀ 'ਸਿੱਖ ਵਿਚਾਰਧਾਰਾ' ਦੇ ਰਾਖੇ ਹੋਣ ਦਾ ਦਾਅਵਾ ਕਰਦੇ ਹਨ, ਪਰ ਰਾਜ-ਭਾਗ ਦੇ ਹੱਥ ਆਉਣ 'ਤੇ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਮਾਤ ਪਾ ਦਿੰਦੇ ਹਨ। ਇੱਕ ਮੂੰਹ ਨਾਲ 'ਅਕਾਲ ਤਖਤ ਮਹਾਨ ਹੈ' ਦੀ ਰਟੀ-ਰਟਾਈ ਮੁਹਾਰਨੀ ਪੜ੍ਹੀ ਜਾਂਦੇ ਹਨ ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਚਪੜਾਸੀ ਵਰਗਾ ਬਣਾ ਦਿੱਤਾ ਹੋਇਆ ਹੈ। ਇੱਕ ਪਾਸੇ ਸਿੱਖ ਇਤਿਹਾਸਕ ਗੁਰਧਾਮਾਂ ਦੀਆਂ ਸਟੇਜਾਂ ਨੂੰ 'ਪੰਥਕ ਬੁਰਕਾ' ਪਹਿਨ ਕੇ ਵਰਤਦੇ ਹਨ ਪਰ ਨਾਲ ਦੀ ਨਾਲ ਹਵਨ ਕਰਾਉਣ, ਰਮਾਇਣ ਦੇ ਪਾਠ ਕਰਵਾਉਣ ਜਿਹੇ ਬਿਪਰ-ਕਰਮ ਵੀ ਕਰੀ ਜਾਂਦੇ ਹਨ। ਗੁਰੂ ਨਾਨਕ ਦੇ ਨਾਮ 'ਤੇ ਬਣੀ ਯੂਨੀਵਰਸਿਟੀ ਵਿੱਚ ਸਿੱਖੀ ਨੂੰ ਮਜ਼ਾਕ ਉਡਾਉਂਦੇ ਹੋਏ ਇੱਕ ਦੇਹਧਾਰੀ ਨੂੰ 'ਸਤਿਗੁਰੂ' ਕਹਿ ਕੇ ਉਸ ਦੀ 'ਚੇਅਰ' ਸਥਾਪਤ ਕਰ ਰਹੇ ਹਨ। ਕਾਂਗਰਸ ਪਾਰਟੀ ਨੂੰ 'ਪੰਥ ਦੁਸ਼ਮਣ' ਦਾ ਖਿਤਾਬ ਦਿੰਦੇ ਹੋਏ, ਕਾਂਗਰਸ ਦੀ ਮਾਂ ਇੰਦਰਾ ਗਾਂਧੀ ਨੂੰ 'ਦੁਰਗਾ ਮਾਤਾ' ਕਹਿਣ ਵਾਲੇ ਭਾਜਪਾਈਆਂ ਨਾਲ ਪਤੀ-ਪਤਨੀ ਵਾਲਾ ਰਿਸ਼ਤਾ ਨਿਭਾ ਰਹੇ ਹਨ। ਕੁਰਸੀ ਦੀ ਪ੍ਰਾਪਤੀ ਕਰਨ ਲਈ ਸਿੱਖਾਂ

ਨਾਲ ਵਾਅਦਾ ਕਰਦੇ ਹਨ ਕਿ ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਕਟਹਿਰੇ 'ਚ ਖੜ੍ਹਾਵਾਂਗੇ, ਪਰ ਕੁਰਸੀ ਤੇ ਬਹਿੰਦਿਆਂ ਸਾਰ ਉਨ੍ਹਾਂ ਅਫਸਰਾਂ ਨੂੰ ਤਰੱਕੀਆਂ ਨਾਲ ਨਿਵਾਜਦੇ ਹਨ!

ਪਾਠਕ ਦੋਸਤੋ, ਉਧਰ ਗਿਣਾਏ ਗਏ 'ਦੋਗਲੇ ਕਾਰਨਾਮੇ' ਉਹੀ ਅਕਾਲੀ ਆਗੂ ਕਰ ਸਕਦੇ ਹਨ ਜਿਨ੍ਹਾਂ ਨੇ ਬਾਗੀ ਦੇ ਨੁਸਖੇ ਅਨੁਸਾਰ ਬਣਾਇਆ ਚੂਰਨ ਛਕਿਆ ਹੋਵੇਗਾ!

ਦੇਵੀ ਕੇ ਭਗਤ ਕਭੀ ਮੀਰਾ ਕੇ ਉਪਾਸ਼ਕ,
ਦਾਸ ਸੁਲਤਾਨ ਕੋ ਔ ਕਬੂੰ ਲਾਲ ਬੇਗੀ ਹੈ।
ਮਨ ਮੇਂ ਹੈ ਔਰ ਅਰ ਮੁੱਖ ਮਹਿ ਦੂਜੀ ਬਾਤ,
ਪਰਮ ਪਖੰਡੀ ਨਖ ਸਿਖ ਲੌਂ ਫਰੇਬੀ ਹੈ।
ਸਿੰਘ ਰੂਪਧਾਰੀ ਅਨਯਮਤਿਕੇ ਪ੍ਰਕਾਰੀ ਭਾਰੀ
ਪੰਥ ਤੇ ਨਿਕਾਰੋ ਜੋ ਚਮਚ ਹਰਦੇਗੀ ਹੈ।

ਪੱਛਮੀ ਬੰਗਾਲ ਵਿੱਚ ਕੇਹਾ ਸਮਾਜਵਾਦ

ਪੱਛਮੀ ਬੰਗਾਲ ਵਿੱਚ 'ਖੱਬੇ ਮੋਰਚੇ' ਦੀ ਸਰਕਾਰ ਨੂੰ ਸੱਤ੍ਹਾ ਸੰਭਾਲਦਿਆਂ ਤਿੰਨ ਦਹਾਕੇ ਦੇ ਕਰੀਬ ਦਾ ਸਮਾਂ ਹੋ ਗਿਆ ਹੈ। ਪੱਛਮੀ ਬੰਗਾਲ ਦੀ ਸੱਤ੍ਹਾ 'ਤੇ ਆਪਣੀ ਨਿਰੰਤਰ ਪਕੜ ਕੇ ਚੱਲਦਿਆਂ ਖੱਬਾ ਮੋਰਚਾ ਤੇ ਖਾਸ ਕਰਕੇ ਇਸ ਦੀ 'ਅਗਵਾ' ਸੀ.ਪੀ.ਆਈ.(ਐੱਮ.) ਪੱਛਮੀ ਬੰਗਾਲ ਨੂੰ ਆਪਣਾ 'ਅਜਿੱਤ ਕਿਲਾ' ਸਮਝਦੀ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਹਾਲ-ਫਿਲਹਾਲ ਪੱਛਮੀ ਬੰਗਾਲ ਵਿੱਚ 'ਖੱਬੇ ਮੋਰਚੇ' ਨੂੰ ਚੁਣੌਤੀ ਦੇ ਸਕਣ ਵਾਲਾ ਕੋਈ ਸਿਆਸੀ ਬਦਲ ਮੌਜੂਦ ਵੀ ਨਹੀਂ ਅਤੇ ਇਹ ਵੀ ਸੱਚ ਹੈ ਕਿ ਸੀ.ਪੀ.ਐੱਮ. ਦੀ ਕੇਂਦਰੀ ਸੱਤ੍ਹਾ ਦੇ ਗਲਿਆਰਿਆਂ ਵਿੱਚ ਪੁੱਛ-ਪ੍ਰਤੀਤ ਵੀ ਪੱਛਮੀ ਬੰਗਾਲ ਦੀਆਂ ਲੋਕ ਸਭਾਈ ਸੀਟਾਂ ਦੇ ਚੱਲਦਿਆਂ ਹੀ ਹੋ ਰਹੀ ਹੈ।

ਕਿਹਾ ਤਾਂ ਇਹ ਵੀ ਜਾ ਸਕਦਾ ਹੈ ਕਿ ਪੱਛਮੀ ਬੰਗਾਲ ਵਿੱਚ ਹੋਰਨਾਂ ਸਰਮਾਏਦਾਰੀ ਪਾਰਟੀਆਂ ਦੇ ਮੁਕਾਬਲੇ ਸਰਮਾਏਦਾਰਾ ਸਾਸ਼ਨ ਪ੍ਰਬੰਧ ਨੂੰ ਇਸ ਅਰਸੇ ਵਿੱਚ ਵਧੇਰੇ ਕੁਸ਼ਲਤਾ ਨਾਲ 'ਖੱਬੇ ਮੋਰਚੇ' ਨੇ ਹੀ ਚਲਾਇਆ ਹੈ। ਫਿਰ ਵੀ ਇਹ ਸੁਆਲ ਆਪਣੀ ਥਾਂ ਖੜ੍ਹਾ ਹੁੰਦਾ ਹੀ ਰਿਹਾ ਹੈ ਕਿ 'ਖੱਬੇ ਮੋਰਚੇ' ਦੇ ਇਸ ਰਿਕਾਰਡ ਸਾਸ਼ਨ ਵਿੱਚ ਪ੍ਰੋਲੇਤਾਰੀਆ ਤੇ ਮਿਹਨਤਕਸ਼ ਲੋਕਾਂ ਨੂੰ ਕੀ ਮਿਲਿਆ ਹੈ? ਕੀ ਖੱਬੇ ਮੋਰਚੇ ਦੀ ਸਰਕਾਰ ਮਿਹਨਤਕਸ਼ ਅਵਾਮ ਨੂੰ ਬਿਹਤਰ ਜ਼ਿੰਦਗੀ ਤੇ ਮੁੱਢਲੇ ਹੱਕਾਂ ਦੀ ਸੁਰੱਖਿਆ ਦੇ ਪਾਈ ਹੈ ਜਾਂ ਨਹੀਂ? ਇਨ੍ਹਾਂ ਸਵਾਲਾਂ ਨਾਲ ਜੋੜ ਕੇ ਜਿੱਥੇ ਪਹਿਲਾਂ ਚੇਤੰਨ ਲੋਕਾਂ ਵੱਲੋਂ ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਦੀਆਂ ਆਰਥਿਕ ਸਿਆਸੀ ਨੀਤੀਆਂ 'ਤੇ ਕਿੰਤੂ-ਪ੍ਰੰਤੂ ਤੇ ਸਵਾਲ ਖੜ੍ਹੇ ਕੀਤੇ ਜਾਂਦੇ ਰਹੇ ਹਨ, ਉੱਥੇ ਹੁਣ ਸਿੰਗੂਰ ਵਿੱਚ ਟਾਟਾ ਘਰਾਣੇ ਲਈ ਤੇ ਨੰਦੀਗ੍ਰਾਮ ਵਿੱਚ ਮਲੇਸ਼ੀਆ ਦੇ ਸਾਲੇਮ ਗਰੁੱਪ ਲਈ ਕਿਸਾਨਾਂ ਦੀਆਂ ਜ਼ਮੀਨਾਂ ਧੋਖੇ ਤੇ ਧੱਕੇ ਨਾਲ ਹਥਿਆਉਣ ਦੇ ਮਸਲੇ ਨੇ ਖੱਬੇ ਮੋਰਚੇ ਦੀ ਸਰਕਾਰ ਨੂੰ ਖੁੱਲ੍ਹੇਆਮ ਲੋਕ ਕਚਹਿਰੀ ਵਿੱਚ ਲਿਆ ਖੜ੍ਹੇ ਕੀਤਾ ਹੈ। ਹੁਣ ਤਾਂ ਕੋਲਕਤਾ ਹਾਈਕੋਰਟ ਨੇ ਵੀ ਸਿੰਗੂਰ ਦੇ ਮਸਲੇ ਤੇ ਖੱਬੇ ਮੋਰਚੇ ਵੱਲੋਂ ਕਿਸਾਨਾਂ ਨਾਲ ਧੋਖਾ ਕਰਨ 'ਤੇ ਆਪਣੀ ਮੋਹਰ ਲੱਗਾ ਦਿੱਤੀ ਹੈ।

ਸਨਅਤੀ ਘਰਾਣਿਆਂ ਤੇ ਵਿਸ਼ੇਸ਼ ਆਰਥਿਕ ਜ਼ੋਨਾਂ ਲਈ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦਾ ਮਸਲਾ ਖੱਬੇ ਮੋਰਚੇ ਲਈ ਗਲੇ ਦੀ ਹੱਡੀ ਬਣ ਗਿਆ ਹੈ। ਇੱਕ ਪਾਸੇ ਟਾਟਿਆਂ ਨਾਲ ਕੀਤਾ ਵਾਅਦਾ ਤੋੜ ਨਿਭਾਉਣ ਦਾ ਸੁਆਲ ਹੈ ਅਤੇ ਦੂਜੇ ਪਾਸੇ ਸਿੰਗੂਰ ਤੇ ਨੰਦੀਗ੍ਰਾਮ ਵਿੱਚ ਕਿਸਾਨਾਂ ਦੇ ਮਰਨ-ਮਾਰਨ 'ਤੇ ਉਤਾਰੂ ਸੰਘਰਸ਼ ਦਾ ਅਤੇ ਤ੍ਰਿਮੂਣਲ ਪਾਰਟੀ ਵਰਗੇ ਸਿਆਸੀ ਵਿਰੋਧੀਆਂ ਦੇ ਲਾਹਾ ਖੱਟ ਕੇ ਲੈ ਜਾਣ ਦਾ ਸਵਾਲ ਹੈ। ਉੱਧਰ ਖੱਬੇ ਮੋਰਚੇ ਦੀ ਭਾਈਵਾਲ 'ਫਾਰਵਰਡ ਬਲਾਕ' ਦੇ ਕੁਝ ਆਗੂਆਂ ਵੱਲੋਂ ਸੀ.ਪੀ.ਐੱਮ. 'ਤੇ ਧੋਖਾ ਕਰਨ ਦੇ ਦੋਸ਼ ਲਾਉਣ ਤੇ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਦਾ ਰੇੜਕਾ ਆਪਣੀ ਥਾਂ ਵੱਖਰਾ ਹੈ।

ਸ਼ਾਇਦ ਪਹਿਲੀ ਵਾਰ ਖੱਬੇ ਮੋਰਚੇ ਨੂੰ ਅਜਿਹੀ ਇਮਤਿਹਾਨੀ ਘੜੀ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ। ਇਸੇ ਲਈ ਮੁੱਖ ਮੰਤਰੀ ਬੁੱਧ ਦੇਵ ਭੱਟਾਚਾਰਜੀ ਕਦੇ ਮਮਤਾ ਬੈਨਰਜ਼ੀ ਅਤੇ ਕਦੇ ਪ੍ਰਧਾਨ ਮੰਤਰੀ ਨੂੰ ਸਿਆਸੀ ਲਾਹਾ ਨਾ ਖੱਟਣ ਦੀਆਂ ਅਪੀਲਾਂ ਕਰ ਰਹੇ ਹਨ ਅਤੇ ਕਦੇ ਆਪਣੀ ਹੀ ਪਾਰਟੀ ਵੱਲੋਂ ਬੀਤੇ ਵਿੱਚ ਲਈਆਂ 'ਗਲਤ ਪੁਜ਼ੀਸ਼ਨਾਂ' ਲਈ ਮੱਥਾ ਫੜ ਕੇ ਝੂਰਦੇ ਹਨ। ਅਸਲ ਵਿੱਚ ਖੱਬ ਮੋਰਚੇ ਨੂੰ ਪੱਛਮੀ ਬੰਗਾਲ ਵਿੱਚ ਅਜਿਹੇ ਬੁਰੇ ਦਿਨ ਦੇਖਣੇ ਹੀ ਪੈਣੇ ਸਨ ਤੇ ਸ਼ਾਇਦ ਭਵਿੱਖ ਵਿੱਚ ਹੋਰ ਵਧੇਰੇ ਦੇਖਣੇ ਪੈਣ। ਇਸਦਾ ਪਹਿਲਾ ਕਾਰਨ ਤਾਂ ਖੱਬੇ ਮੋਰਚੇ ਤੇ ਸੀ.ਪੀ.ਐੱਮ. ਦੀਆਂ ਆਰਥਿਕ ਨੀਤੀਆਂ ਬਾਰੇ ਦੋਗਲੀਆਂ ਪੁਜੀਸ਼ਨਾਂ ਹਨ। ਇੱਕ ਪਾਸੇ ਤਾਂ ਉਹ ਦੇਸ਼ ਅੰਦਰ 'ਨਵੀਆਂ ਆਰਥਿਕ ਨੀਤੀਆਂ' ਅਤੇ 'ਵਿਸ਼ੇਸ਼ ਆਰਥਿਕ ਜ਼ੋਨ' ਦੀਆਂ ਨੀਤੀਆਂ ਦੇ ਵਿਰੋਧੀ ਹੋਣ ਦੇ ਝੰਡਾ ਬਰਦਾਰ ਬਣਦੇ ਹਨ ਅਤੇ ਦੂਜੇ ਪਾਸੇ, ਉਹੋ ਆਰਥਿਕ ਤੇ ਵਿਸ਼ੇਸ਼ ਆਰਥਿਕ ਜ਼ੋਨ ਦੀਆਂ ਨੀਤੀਆਂ ਨੂੰ ਪੱਛਮੀ ਬੰਗਾਲ ਵਿੱਚ ਖੁਦ ਜ਼ੋਰ ਸ਼ੋਰ ਨਾਲ ਲਾਗੂ ਕਰਦੇ ਹਨ। 'ਕਿਤੇ ਮਾਂਹ ਵਾਦੀ ਤੇ ਕਿਤੇ ਸੁਆਦੀ' ਵਾਲੀ ਗੱਲ ਭਲਾ ਕਿੰਨਾ ਕੁ ਚਿਰ ਪੁੱਗ ਸਕਦੀ ਹੈ। ਬੁਰੇ ਦਿਨਾਂ ਦਾ ਦੂਜਾ ਕਾਰਨ ਇਹ ਹੈ ਕਿ ਆਪਣੇ ਤਿੰਨ ਦਹਾਕਿਆਂ ਦੇ ਲੰਮੇ ਸਾਸ਼ਨ ਦੌਰਾਨ ਵੀ ਖੱਬੇ ਮੋਰਚੇ ਦੀ ਸਰਕਾਰ ਬੰਗਾਲ ਦੇ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਨੂੰ ਤਾਂ ਬਿਹਤਰ ਬਣਾ ਸਕੀ ਹੈ ਅਤੇ ਨਾ ਹੀ ਸੁਰੱਖਿਅਤ।

ਅਜਿਹੀ ਹਾਲਤ ਵਿੱਚ ਦੇਰ-ਸਵੇਰ ਲੋਕ ਰੋਹ ਦਾ ਫੁਟਾਰਾ ਤਾਂ ਕਿੱਧਰੇ ਨਾ ਕਿੱਧਰੇ ਹੋਣਾ ਹੀ ਸੀ। ਪੱਛਮੀ ਬੰਗਾਲ ਵਿੱਚ ਖੱਬੇ ਮੋਰਚੇ ਦੀ ਸਰਕਾਰ ਦੀ ਨਿਗਰਾਨੀ ਵਿੱਚ ਘੜੀਆਂ ਤੇ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਅਤੇ ਉਨ੍ਹਾਂ ਦੇ ਸਾਹਮਣੇ ਆ ਰਹੇ ਸਿੱਟਿਆਂ ਬਾਰੇ ਗੱਲ ਕਰਨ ਤੋਂ ਪਹਿਲਾਂ ਇੱਕ ਦੋ ਗੱਲਾਂ ਖੱਬੇ ਮੋਰਚੇ ਦੀ 'ਨਵੀਆਂ ਆਰਥਿਕ ਨੀਤੀਆਂ' ਬਾਰੇ ਆਮ ਪਹੁੰਚ ਸਬੰਧੀ ਕਰ ਲੈਣੀਆਂ ਬਿਹਤਰ ਹੋਣਗੀਆਂ। ਕਹਿਣ ਨੂੰ ਤਾਂ ਖੱਬੇ ਮੋਰਚੇ ਦੀਆਂ ਸਾਰੀਆਂ ਹੀ ਪਾਰਟੀਆਂ ਤੇ ਇਨ੍ਹਾਂ ਦੀ ਅਗਵਾਈ ਵਿੱਚ ਚੱਲਣ ਵਾਲੀਆਂ ਟਰੇਡ ਯੂਨੀਅਨਾਂ ਭਾਰਤੀ ਹਾਕਮ ਜਮਾਤਾਂ ਵੱਲੋਂ 1991 ਤੋਂ ਲਾਗੂ ਕੀਤੀਆਂ ਜਾ ਰਹੀਆਂ ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਦੀਆਂ ਕੱਟੜ ਵਿਰੋਧੀ ਹਨ, ਪਰ ਅਸਲੀਅਤ ਵਿੱਚ ਅਜਿਹਾ ਕੁੱਝ ਵੀ ਨਹੀਂ। ਨਵੀਆਂ ਆਰਥਿਕ ਨੀਤੀਆਂ ਵਿਰੁੱਧ ਪੰਜ ਚਾਰ ਸਾਲ ਗਲ ਫਾੜਨ ਤੋਂ ਬਾਅਦ ਇਨ੍ਹਾਂ ਪਾਰਲੀਮੈਂਟਰੀ ਖੱਬਿਆਂ ਨੇ ਇਹ ਸਬਕ ਸਿੱਖ ਲਿਆ ਸੀ "ਤੂੰ ਵੀ ਬਦਲ ਕਿ ਜ਼ਮਾਨਾ ਬਦਲ ਗਿਐ।" ਜ਼ਮਾਨੇ ਦੀ ਤੋਰ ਨਾਲ ਤੁਰਨ ਵਾਲੇ ਇਨ੍ਹਾਂ ਖੱਬੇ ਮੋਰਚੇ ਦੇ ਕਾਮਰੇਡਾਂ ਦੀ ਤੋਰ ਨੂੰ ਹੋਰ ਤਾਂ ਹੋਰ ਸਾਮਰਾਜਵਾਦੀ ਤੇ ਭਾਰਤੀ ਪੂੰਜੀਪਤੀ ਵੀ ਬਾਖੂਬੀ ਪਹਿਚਾਣ ਰਹੇ ਹਨ।

ਭਾਰਤ ਦੇ ਕਾਰਪੋਰੇਟ ਜਗਤ ਦੀ ਸੰਸਥਾ ਫਿੱਕੀ ਦੇ ਜਨਰਲ ਸਕੱਤਰ ਜਦੋਂ ਅਮਰੀਕਨ ਸਾਮਰਾਜੀਆਂ ਨੂੰ ਸਮਝਾਉਂਦੇ ਹੋਏ ਇਹ ਕਹਿੰਦੇ ਹਨ ਕਿ 'ਕ੍ਰਿਪਾ ਕਰਕੇ ਖੱਬੇ ਪੱਖੀਆਂ ਦੇ ਸ਼ੋਰ ਤੇ ਸ਼ਬਦ ਨੂੰ ਵੱਖ-ਵੱਖ ਕਰਕੇ ਦੇਖੋ। ਸ਼ੋਰ ਤਾਂ ਮਹਿਜ਼ ਸ਼ੋਰ ਹੈ, ਜਦਕਿ ਸ਼ਬਦ ਹੀ ਅਸਲੀ ਗੱਲ ਹੈ।' (ਕਮਿਊਨਿਸਟ ਲੋਕ) ਭਾਰਤ ਦੇ ਆਰਥਿਕ ਦੀ ਲਹਿਰ ਵਿੱਚ ਮੂਹਰੇ ਹੋ ਕੇ ਚੱਲਣ ਵਾਲਿਆਂ ਵਿੱਚੋਂ ਹਨ। ਤਾਂ ਉਹ ਖੱਬੇ ਮੋਰਚੇ ਦੇ ਕਾਮਰੇਡਾਂ ਦੀ ਜ਼ਮਾਨੇ ਨਾਲ ਬਦਲਦੀ ਤੋਰ ਦੀ ਹੀ ਪੁਸ਼ਟੀ ਕਰ ਰਹੇ ਹੁੰਦੇ ਹਨ। ਉਂਝ ਖੱਬਾ ਮੋਰਚਾ ਆਪਣੀ ਥਾਂ ਸਾਮਰਾਜਵਾਦੀਆਂ ਤੇ ਪੂੰਜੀਪਤੀਆਂ ਨੂੰ ਆਪਣੀ ਥਾਂ ਵੱਖਰੀ ਯਕੀਨ ਦਹਾਨੀ ਕਰਵਾਉਂਦਾ ਨਹੀਂ ਥੱਕਦਾ। ਪੂੰਜੀਪਤੀਆਂ ਨੂੰ ਹੀ ਯਕੀਨ ਦਿਵਾ ਰਹੇ ਹੁੰਦੇ ਹਨ ਕਿ ਸਾਨੂੰ ਓਪਰੇ ਨਾ ਸਮਝੋ, ਅਸੀਂ ਵੀ ਤੁਹਾਡੇ ਹੀ ਹਾਂ। ਉਹ ਇੱਥੇ ਹੀ ਨਹੀਂ ਰੁਕਦੇ, ਸਗੋਂ ਦੋ ਟੁੱਕ ਲਹਿਜੇ ਵਿੱਚ ਅੱਗੇ ਕਹਿੰਦੇ ਹਨ। ਹਾਂ ਇਹ ਗੱਲ ਮੈਨੂੰ ਪੂਰੀ ਤਰ੍ਹਾਂ ਸਾਫ ਕਰ ਲੈਣ ਦਿਓ ਕਿ ਅਸੀਂ ਆਰਥਿਕ ਸੁਧਾਰਾਂ ਦੇ ਪੱਖ ਵਿੱਚ ਹਾਂ। ਅਸੀਂ ਯਥਾਰਥਵਾਦੀ ਹਾਂ ਅਤੇ ਜਾਣਦੇ ਹਾਂ ਕਿ ਜਾਂ ਤਾਂ ਸੁਧਾਰ ਹੋਵੇਗਾ ਅਤੇ ਨਹੀਂ ਤਾਂ ਵਿਨਾਸ਼।" 'ਕਾਮਰੇਡ ਦੇ ਅਜਿਹੇ ਪ੍ਰਵਚਨਾਂ ਤੇ ਭਲਾ ਕੌਣ ਮੂਰਖ ਹੋਵੇਗਾ, ਜਿਸਦਾ ਚਿੱਤ ਡੁੱਬ ਮਰਨ ਨੂੰ ਨਾ ਕਰੇ ?' ਇੱਕ ਗੱਲ ਹੋਰ। ਅੱਜਕੱਲ੍ਹ ਖੱਬਾ ਮੋਰਚਾ ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀ ਮਦਦ ਕਰ ਰਿਹਾ ਹੈ, ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਯੂ.ਪੀ.ਏ. ਸਰਕਾਰ ਖੱਬੇ ਮੋਰਚੇ ਦੇ ਮੋਢਿਆਂ 'ਤੇ ਹੀ ਖੜ੍ਹੀ ਹੈ। ਇਸ ਸਰਕਾਰ ਦੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਨੂੰ ਖੱਬਾ ਮੋਰਚਾ ਅਗਾਂਹਵਧੂ ਤੇ ਲੋਕ ਪੱਖੀ ਪ੍ਰੋਗਰਾਮ ਕਹਿੰਦਾ ਨਹੀਂ ਥੱਕਦਾ। ਪਰ ਸਾਮਰਾਜਵਾਦੀਆਂ ਦੇ ਪ੍ਰਤੀਨਿਧ ਇਸ ਪ੍ਰੋਗਰਾਮ ਨੂੰ ਕੀ ਕਹਿੰਦੇ ਹਨ, ਉਹ ਵੀ ਜ਼ਰਾ ਸੁਣੋ। "ਸੰਸਾਰ ਬੈਂਕ ਨੇ ਖੱਬੀਆਂ ਪਾਰਟੀਆਂ ਦੀ ਵਿਆਪਕ ਦ੍ਰਿਸ਼ਟੀ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਹੈ। ਘੱਟੋ ਘੱਟ ਸਾਂਝਾ ਪ੍ਰੋਗਰਾਮ ਸੰਸਾਰ ਬੈਂਕ ਦੇ ਉਦੇਸ਼ਾਂ ਨਾਲ ਮੇਲ ਖਾਂਦਾ ਹੈ। ਇਹ (ਘੱਟੋ ਘੱਟ ਸਾਂਝਾ ਪ੍ਰੋਗਰਾਮ) ਲਾਲ ਝੰਡੇ ਵਰਗਾ ਕੁਝ ਨਹੀਂ ਲੱਗਦਾ।" ਇਹ ਸ਼ਬਦ ਹਨ ਸਾਮਰਾਜੀ ਸੰਸਥਾ ਦੇ ਚੇਅਰਮੈਨ ਮਿਸਟਰ ਵੁਲਫੇਨਸਨ ਦੇ। ਪੱਛਮੀ ਬੰਗਾਲ ਵਿੱਚ ਖੱਬੇ ਮੋਰਚੇ ਦੀ ਸਰਕਾਰ ਦੇ ਨੀਤੀ-ਨਿਰਣਿਆਂ ਨੂੰ ਖੱਬੇ ਮੋਰਚੇ ਦੀਆਂ ਉਕਤ ਆਮ ਪੁਜੀਸ਼ਨਾਂ ਦੀ ਰੌਸ਼ਨੀ ਵਿੱਚ ਹੀ ਦੇਖਿਆ ਜਾਣਾ ਚਾਹੀਦਾ ਹੈ।

ਖੱਬੇ ਮੋਰਚੇ ਦੀ ਸਰਕਾਰ ਦੀਆਂ ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਪੱਖੀ ਨੀਤੀਆਂ ਦੀ ਬਦੌਲਤ ਹੀ ਹੈ ਕਿ ਸਾਮਰਾਜਵਾਦੀ ਸੰਸਥਾਵਾਂ ਤੇ ਕਾਰਪੋਰੇਟ ਜਗਤ ਹੁਣ ਇਸ ਸਰਕਾਰ 'ਤੇ ਪੂਰਨ ਭਰੋਸਾ ਜਤਾਉਣ ਲੱਗੇ ਹਨ। ਇਸੇ ਭਰੋਸੇ ਦੇ ਚੱਲਦਿਆਂ ਹੀ ਬੰਗਾਲ ਸਾਮਰਾਜਵਾਦੀ ਸੰਸਥਾਵਾਂ ਲਈ 'ਫੋਕਸ ਸਟੇਟਸ' ਦਾ ਦਰਜਾ ਹਾਸਲ ਕਰ ਚੁੱਕਾ ਹੈ। ਇਨ੍ਹਾਂ ਸੰਸਥਾਵਾਂ ਦੀ ਨਜ਼ਰ ਵਿੱਚ ਭਾਰਤ ਵਿੱਚ ਚਾਰ ਸੂਬੇ ਬਿਹਤਰ ਪੂੰਜੀ ਨਿਵੇਸ਼ ਲਈ 'ਫੋਕਸ ਸਟੇਟਸ' ਹਨ। ਤੇ ਇਹ ਹਨ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਉੜੀਸਾ ਤੇ ਮੱਧ ਪ੍ਰਦੇਸ਼। 'ਆਰਥਿਕ ਸੁਧਾਰਾਂ' ਦੇ ਡੇਢ ਦਹਾਕੇ ਦੇ ਕਰੀਬ ਸਫਰ ਉਪਰੰਤ ਪੱਛਮੀ ਬੰਗਾਲ 28198 ਕਰੋੜ ਰੁਪਏ (2005 ਦੇ ਅੰਕੜਿਆਂ ਮੁਤਾਬਕ) ਦੇ ਬਦੇਸ਼ੀ ਸਰਮਾਏ ਨੂੰ ਆਪਣੇ ਵੱਲ ਆਕਰਸ਼ਿਤ ਕਰਕੇ ਸਭ ਤੋਂ ਵਧੇਰੇ ਵਿਦੇਸ਼ੀ ਨਿਵੇਸ਼ ਵਾਲਾ ਦੂਜੇ ਨੰਬਰ ਦਾ ਸੂਬਾ ਬਣ ਚੁੱਕਿਆ ਸੀ। ਇਹ ਖੱਬੇ ਮੋਰਚੇ 'ਤੇ ਸੀ.ਪੀ.ਐੱਮ. ਦੀ ਸਿਆਸੀ ਤੌਰ 'ਤੇ ਆਈ ਨਿਰਨਾਇਕ ਤਬਦੀਲੀ ਦਾ ਹੀ ਸਦਕਾ ਹੈ ਕਿ ਕਿਸੇ ਸਮੇਂ ਸਾਮਰਾਜਵਾਦੀਆਂ ਨੂੰ ਪਾਣੀ ਪੀ ਪੀ ਕੇ ਕੋਸਣ ਵਾਲਿਆਂ ਦੇ ਘਰ ਹੀ ਸਾਮਰਾਜਵਾਦੀ ਸੰਸਥਾਵਾਂ ਨੇ ਖਜ਼ਾਨੇ ਦਾ ਮੂੰਹ ਖੋਲ੍ਹ ਦਿੱਤਾ ਹੈ, ਪਰ ਇਹ ਖਜ਼ਾਨਾ ਕਿਸ ਦੇ ਹਿੱਤ ਵਿੱਚ ਆਇਆ ਹੈ ਅਤੇ ਬੰਗਾਲ ਦੇ ਲੋਕਾਂ ਨੂੰ ਇਸ ਦੀ ਕੀਮਤ ਕਿਵੇਂ ਅਦਾ ਕਰਨੀ ਪਵੇਗੀ, ਇਹ ਇੱਕ ਗੰਭੀਰ ਸਵਾਲ ਹੈ।

ਸਾਮਰਾਜਵਾਦੀ ਪੂੰਜੀ ਨਿਵੇਸ਼ ਬਾਰੇ ਖੱਬਾ ਮੋਰਚਾ ਤੇ ਇਸ ਵਿੱਚ ਸ਼ਾਮਲ ਪਾਰਟੀਆਂ ਭਾਵੇਂ ਕਿੰਨੀਆਂ ਵੀ ਗੋਲ ਮੋਲ ਗੱਲਾਂ ਕਰਨ, ਪਰ ਹਕੀਕਤ ਇਹੋ ਹੀ ਹੈ ਕਿ ਸਾਮਰਾਜਵਾਦੀ ਪੂੰਜੀ ਨਿਵੇਸ਼ ਪੱਛਮੀ ਬੰਗਾਲ ਵਿੱਚ ਵੀ ਉਹੋ ਜਿਹੀਆਂ ਸ਼ਰਤਾਂ ਹੀ ਲੈ ਕੇ ਆਉਂਦਾ ਹੈ, ਜਿਹੋ ਜਿਹੀਆਂ ਉਹ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ 'ਢਾਂਚਾਗਤ ਤਬਦੀਲੀਆਂ' ਜਾਂ ਆਰਥਿਕ ਸੁਧਾਰਾਂ ਦੇ ਨਾਂਅ 'ਤੇ ਲੈ ਕੇ ਆ ਰਿਹਾ ਹੈ। ਖੱਬਾ ਮੋਰਚਾ ਭਾਵੇਂ ਲੱਖ ਗੋਲ-ਮੋਲ ਗੱਲਾਂ ਕਰੇ, ਪਰ ਸੰਸਾਰ ਬੈਂਕ ਦੀ ਦਸਤਾਵੇਜ਼ ਸਪੱਸ਼ਟ ਜ਼ਿਕਰ ਕਰਦੀ ਹੈ ਕਿ ਸਭੇ ਕਰਜ਼ਦਾਤਾ ਇੱਕ ਜਾਂ ਦੂਜੇ ਰੂਪ ਵਿੱਚ ਸ਼ਰਤਾਂ ਦੀ ਵਰਤੋਂ ਕਰਦੇ ਹਨ। ਉਹ ਚਾਹੇ ਕਰਜ਼ੇ ਵਿੱਚ ਅੰਤਰੀਵ ਮੌਜੂਦ ਹੋਣ ਜਾਂ ਸਪੱਸ਼ਟ ਬੰਧੇਜ਼ ਵਾਲੇ ਸਮਝੌਤੇ ਦੇ ਰੂਪ ਵਿੱਚ ਹੋਣ, ਪਰ ਸ਼ਰਤਾਂ ਦੇ ਹੋਣ ਦੇ ਅੰਦਰੂਨੀ ਤਰਕ ਬਾਰੇ ਸਭਨਾਂ ਦੀ ਰਾਇ ਮਿਲਦੀ ਜੁਲਦੀ ਹੈ।

ਪੱਛਮੀ ਬੰਗਾਲ ਦੇ ਸੰਦਰਭ ਵਿੱਚ ਬਿਦੇਸ਼ੀ ਕਰਜ਼ਿਆਂ ਨਾਲ ਸ਼ਰਤਾਂ ਲਾਗੂ ਹੋਣ ਜਾਂ ਨਾ ਹੋਣ ਦਾ ਤਾਂ ਸਵਾਲ ਹੀ ਨਹੀਂ, ਸਗੋਂ ਕੌੜੀ ਹਕੀਕਤ ਇਹ ਹੈ ਕਿ ਅਮਰੀਕਾ ਦੇ ਕੰਟਰੋਲ ਵਾਲੇ ਸੰਸਾਰ ਬੈਂਕ, ਜਪਾਨੀ ਕੰਟਰੋਲ ਵਾਲੇ ਏਸ਼ੀਆਈ ਵਿਕਾਸ ਬੈਂਕ ਤੇ ਬਰਤਾਨਵੀ ਕੰਟਰੋਲ ਵਾਲੇ

ਕੌਮਾਂਤਰੀ ਵਿਕਾਸ ਵਿਭਾਗ ਵਰਗੀਆਂ ਸੰਸਥਾਵਾਂ ਸੂਬਾ ਸਰਕਾਰ ਦੇ ਵਿਭਾਗਾਂ ਤੋਂ ਲੈ ਕੇ ਧੁਰ ਥੱਲੇ ਨਗਰ ਪਾਲਿਕਾਵਾਂ ਤੇ ਪੰਚਾਇਤੀ ਸੰਸਥਾਵਾਂ ਤੱਕ ਵਿੱਚ ਇਨ੍ਹਾਂ ਸ਼ਰਤਾਂ ਨੂੰ ਲਾਗੂ ਕਰਵਾ ਰਹੀਆਂ ਹਨ। ਬ੍ਰਿਟਿਸ਼ ਬੈਂਕ ਨੇ ਸੂਬਾ ਸਰਕਾਰ ਨੂੰ ਸਪੱਸ਼ਟ ਨਿਰਦੇਸ਼ ਦਿੱਤਾ ਹੈ ਕਿ ਸਰਕਾਰ ਘਾਟੇ ਵਾਲੇ ਉਦਯੋਗ ਬੰਦ ਕਰੇ ਅਤੇ ਹੋਰਨਾਂ ਪਬਲਿਕ ਸੈਕਟਰ ਦੇ ਅਦਾਰਿਆਂ ਵਿੱਚੋਂ ਕਰਮਚਾਰੀਆਂ ਦੀ ਗਿਣਤੀ ਘੱਟ ਕਰੇ ਤਾਂ ਜੋ ਸੂਬਾ ਸਰਕਾਰ ਦਾ ਵਿੱਤੀ ਘਾਟਾ ਘੱਟ ਹੋ ਸਕੇ। ਉਂਝ ਮੁੱਖ ਮੰਤਰੀ ਬੁੱਧ ਦੇਵ ਜੀ ਨੂੰ ਅਜਿਹੀਆਂ ਸਾਮਰਾਜੀ ਸੰਸਥਾਵਾਂ ਵੱਲੋਂ 'ਮਰੋੜੀ ਜਾਂਦੀ ਬਾਂਹ' ਤੇ ਕੋਈ ਇਤਰਾਜ਼ ਨਹੀਂ। ਉਹ ਤਾਂ ਬੱਸ ਇਹੋ ਚਾਹੁੰਦੇ ਨੇ ਕਿ ਪਬਲਿਕ ਸੈਕਟਰ ਦੇ ਅਦਾਰਿਆਂ ਦੇ ਪੁਨਰ ਨਿਰਮਾਣ ਲਈ ਉਹ ਸਾਮਰਾਜੀ ਸੰਸਥਾਵਾਂ, ਹੋਰ ਵਧੇਰੇ ਖੁੱਲ੍ਹੇ ਦਿਲ ਨਾਲ 'ਸਹਿਯੋਗ' ਕਰਨ। ਘਾਟੇ ਵਿੱਚ ਚੱਲ ਰਹੇ 29 ਪਬਲਿਕ ਅਦਾਰਿਆਂ, ਜਿਨ੍ਹਾਂ ਵਿੱਚ 70,000 ਕਰਮਚਾਰੀ ਲੱਗੇ ਹੋਏ ਹਨ, ਨੂੰ ਬੰਦ ਕਰਨ ਲਈ ਬੁੱਧਦੇਵ ਜੀ ਨੇ ਕੌਮਾਂਤਰੀ ਸੰਸਥਾਵਾਂ ਤੋਂ 1700 ਕਰੋੜ ਦੀ ਸਹਾਇਤਾ ਮੰਗੀ ਸੀ। ਪੱਛਮੀ ਬੰਗਾਲ ਵਿੱਚ ਸਨਅਤ, ਖੇਤੀ, ਸਿੱਖਿਆ ਸਿਹਤ ਤੇ ਟਰਾਂਸਪੋਰਟ ਵਰਗੇ 17 ਖੇਤਰਾਂ ਵਿੱਚ ਸੰਸਾਰ ਬੈਂਕ ਸਮੇਤ ਦੋ ਦਰਜਨ ਦੇ ਕਰੀਬ ਕੌਮਾਂਤਰੀ ਵਿੱਤੀ ਸੰਸਥਾਵਾਂ ਤੇ ਦੇਸ਼ ਮਹੱਤਵਪੂਰਣ ਰੋਲ ਨਿਭਾ ਰਹੇ ਹਨ। ਇਨ੍ਹਾਂ ਸਭਨਾਂ ਦਾ ਇੱਕ ਹੀ ਪਵਿੱਤਰ ਉਦੇਸ਼ ਹੈ ਪੁਰਾਣੇ ਕਲਿਆਣਕਾਰੀ ਢਾਂਚੇ ਨੂੰ ਤੋੜਨਾ ਅਤੇ ਉਸਨੂੰ 'ਸੰਸਾਰੀਕਰਨ ਅਤੇ ਬਜ਼ਾਰੀਕਰਨ' ਦੀਆਂ ਲੋੜਾਂ ਦੇ ਅਨੁਸਾਰ ਢਾਲਣਾ। ਅਜਿਹੇ ਅਦਾਰਿਆਂ ਨੂੰ ਮੁਨਾਫਾ ਮੁੱਖੀ ਅਤੇ ਮੰਡੀ ਦੀਆਂ ਤਾਕਤਾਂ ਦੇ ਹਵਾਲੇ ਕਰਨ ਨੂੰ ਹੀ ਸਾਮਰਾਜੀ ਵਿੱਤੀ ਸੰਸਥਾਵਾਂ, 'ਆਰਥਿਕ ਸੁਧਾਰਾਂ' ਦਾ ਨਾਂਅ ਦਿੰਦੀਆਂ ਹਨ, ਜਿਨ੍ਹਾਂ ਨੂੰ ਕੀਤੇ ਬਿਨਾਂ ਬੁੱਧਦੇਵ ਜੀ ਨੂੰ ਵੀ ਵਿਨਾਸ਼ ਹੀ ਦਿਖਾਈ ਦਿੰਦਾ ਹੈ। ਖੱਬੇ ਮੋਰਚੇ ਦੀ ਸਰਕਾਰ 'ਆਰਥਿਕ ਸੁਧਾਰਾਂ' ਦੇ ਰਾਹ ਤੇ ਕਾਫੀ ਅੱਗੇ ਵੱਧ ਚੁੱਕੀ ਹੈ। ਇੱਕ ਰਿਪੋਰਟ ਮੁਤਾਬਕ ਏਸ਼ੀਆਈ ਵਿਕਾਸ ਬੈਂਕ ਦੇ ਇਸ਼ਾਰੇ 'ਤੇ 2003 ਵਿੱਚ ਕੋਲਕਾਤਾ ਨਗਰ ਨਿਗਮ ਦੇ ਮੁਲਾਜ਼ਮਾਂ ਵਿੱਚੋਂ 10 ਹਜ਼ਾਰ ਤੋਂ ਲੈ ਕੇ 12 ਹਜ਼ਾਰ ਤੱਕ ਮੁਲਾਜ਼ਮਾਂ ਦੀ ਛਾਂਟੀ ਕੀਤੀ ਗਈ।

ਇਸ 'ਪਵਿੱਤਰ ਕਾਜ' ਲਈ ਡੀ.ਐੱਫ.ਆਈ.ਡੀ. ਨੇ ਨਗਰ ਨਿਗਮ ਨੂੰ 250 ਕਰੋੜ ਦੀ ਰਕਮ ਦਾਨ ਵੱਜੋਂ ਦਿੱਤੀ। ਇੰਝ ਹੀ ਸਿੱਖਿਆ, ਸਿਹਤ ਤੇ ਸਫਾਈ ਵਰਗੇ ਬੁਨਿਆਦੀ ਖੇਤਰਾਂ ਵਿੱਚ ਵੱਡੇ ਪੈਮਾਨੇ 'ਤੇ ਨਿੱਜੀਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ। ਖੇਤੀਬਾੜੀ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਖੱਬੇ ਮੋਰਚੇ ਦੀ ਸਰਕਾਰ ਨੇ ਇੱਕ ਅਮਰੀਕੀ ਕੰਪਨੀ 'ਮੈਕੇਂਜ਼ੀ ਐਂਡ ਕੰਪਨੀ' ਨਾਲ ਖੇਤੀਬਾੜੀ ਦੇ ਖੇਤਰ ਵਿੱਚ ਸੁਧਾਰਾਂ ਹਿੱਤ ਰਿਪੋਰਟ ਦੇਣ ਲਈ ਸਮਝੌਤਾ ਕੀਤਾ ਸੀ। ਇਸ ਕੰਪਨੀ ਦੀਆਂ ਰਿਪੋਰਟਾਂ ਦੀਆਂ, ਰਵਾਇਤੀ ਖੇਤੀ ਨੂੰ ਖੇਤੀ ਉਦਯੋਗ ਵਿੱਚ ਤਬਦੀਲ ਕਰਨ ਅਤੇ ਠੇਕਾ ਖੇਤੀ ਨੂੰ ਉਤਸ਼ਾਹਤ ਕਰਨ ਆਦਿ ਸਿਫਾਰਸ਼ਾਂ ਨੂੰ ਸਰਕਾਰ ਨੇ ਆਪਣੀ ਖੇਤੀ ਨੀਤੀ ਵਿੱਚ ਸ਼ਾਮਲ ਵੀ ਕਰ ਲਿਆ ਹੈ, ਜਿਨ੍ਹਾਂ ਨੂੰ ਲਾਗੂ ਕਰਨ ਨੂੰ ਲੈ ਕੇ ਖੱਬੇ ਮੋਰਚੇ ਦੇ ਭਾਈਵਾਲ 'ਫਾਰਵਰਡ ਬਲਾਕ' ਨੇ ਤਿੱਖਾ ਵਿਰੋਧ ਪ੍ਰਗਟਾਇਆ ਹੈ। ਖੱਬੇ ਮੋਰਚੇ ਦੀ ਸਰਕਾਰ ਦੀ ਪਲਾਨਿੰਗ ਤਾਂ ਆਉਂਦੇ ਦਿਨਾਂ ਵਿੱਚ 1 ਲੱਖ 40 ਹਜ਼ਾਰ ਏਕੜ ਜ਼ਮੀਨ ਸਨਅਤੀਕਰਨ ਤੇ ਸੇਜ਼ ਲਈ ਕਿਸਾਨਾਂ ਤੋਂ ਹਥਿਆਉਣ ਦੀ ਸੀ, ਜਿਹੜੀ ਕਿ ਸਿੰਗੂਰ ਤੇ ਨੰਦੀਗ੍ਰਾਮ ਦੇ ਵਿਵਾਦ ਕਰਕੇ ਅੱਧ ਵਿਚਕਾਰ ਲਟਕ ਗਈ ਹੈ।

ਇੰਨਾ ਹੀ ਬੱਸ ਨਹੀਂ ਖੱਬੇ ਮੋਰਚੇ ਦੀ ਸਰਕਾਰ ਪੈਪਸੀ, ਕਾਰਗਿਲ ਤੇ ਹਿੰਦੋਸਤਾਨ ਲੀਵਰ ਵਰਗੀਆਂ ਦਸ ਬਹੁਕੌਮੀ ਕੰਪਨੀਆਂ ਨੂੰ ਯਕੀਨ ਦਿਵਾ ਚੁੱਕੀ ਹੈ ਕਿ ਉਨ੍ਹਾਂ ਨੂੰ ਸਬੇ ਅੰਦਰ ਕਿਸੇ ਕਿਸਮ ਦੀ ਟਰੇਡ ਯੂਨੀਅਨ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਉਹ ਜਦੋਂ ਚਾਹੁੰਣ 'ਰੱਖੋ ਤੇ ਕੱਢੋ' ਦੀ ਨੀਤੀ ਅਪਣਾ ਸਕਦੇ ਹਨ। ਬਦੇਸ਼ੀ ਨਿਵੇਸ਼ਕ ਨੂੰ ਕੋਲਕਾਤਾ ਆਉਣ ਦਾ ਸੱਦਾ ਦੇਣ ਲਈ ਜਦੋਂ ਮੁੱਖ ਮੰਤਰੀ ਬੁੱਧ ਦੇਵ ਜੀ ਇੰਡੋਨੇਸ਼ੀਆ ਤੇ ਮਲੇਸ਼ੀਆ ਗਏ ਸਨ ਤਾਂ ਉਨ੍ਹਾਂ ਹੁੱਬ ਕੇ ਇਹ ਗੱਲ ਕਹੀ ਸੀ ਕਿ 'ਪੱਛਮੀ ਬੰਗਾਲ ਦੀ ਮਿਤਸੁਬੀਸ਼ੀ ਕੰਪਨੀ ਵਿੱਚ ਇੱਕ ਵੀ ਕੰਮ ਦਿਹਾੜੀ ਦਾ ਨੁਕਸਾਨ ਨਹੀਂ ਹੋਇਆ। ਉਂਝ ਇਹ ਸੱਚ ਵੀ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਬੰਗਾਲ ਸਭ ਤੋਂ ਘੱਟ ਹੜਤਾਲਾਂ ਵਾਲਾ ਸੂਬਾ ਰਿਹਾ ਹੈ।

ਕੌਮਾਂਤਰੀ ਵਿੱਤ ਸੰਸਥਾਵਾਂ ਦੇ 'ਫੈਕਸ ਸਟੇਟਸ' ਵਿੱਚ ਖੱਬੇ ਮੋਰਚੇ ਦੀ ਸਰਕਾਰ ਨੂੰ ਨਾ ਤਾਂ ਆਈ.ਟੀ.ਖੇਤਰ ਨੂੰ ਹੜਤਾਲਾਂ ਤੋਂ ਵਰਜ਼ਿਤ ਖੇਤਰ ਕਰਾਰ ਦੇਣ ਵਿੱਚ ਕੋਈ ਸੰਕੋਚ ਨਹੀਂ ਹੈ ਅਤੇ ਨਾ ਹੀ ਵਿਸ਼ੇਸ਼ ਆਰਥਿਕ ਜ਼ੋਨਾਂ ਤੇ ਅਤਿ-ਆਧੁਨਿਕ ਰਿਹਾਇਸ਼ੀ ਕਲੋਨੀਆਂ ਉਸਾਰਨ ਲਈ ਦੇਸ਼ੀ-ਵਿਦੇਸ਼ੀ ਬਿਲਡਰ ਕੰਪਨੀਆਂ ਨੂੰ ਹਜ਼ਾਰਾਂ ਏਕੜ ਜ਼ਮੀਨਾਂ ਕਿਸਾਨਾਂ ਤੋਂ ਡੰਡੇ ਦੇ ਜ਼ੋਰ ਖੋਹ ਕੇ ਅਕੁਆਇਰ ਕਰਕੇ ਦੇਣ ਵਿੱਚ ਕੋਈ ਝਿਜਕ ਹੈ। ਸਿੰਗੂਰ ਤੇ ਨੰਦੀਗ੍ਰਾਮ ਖੱਬੇ ਮੋਰਚੇ ਦੀ ਸਰਕਾਰ ਲਈ ਕੋਈ ਮਾਪਵਾਦ ਨਹੀਂ। ਇਨ੍ਹਾਂ ਹਕੀਕਤਾਂ ਦੀ ਰੌਸ਼ਨੀ ਵਿੱਚ ਪੱਛਮੀ ਬੰਗਾਲ ਨੂੰ ਖੱਬੇ ਮੋਰਚੇ ਦਾ 'ਅਜਿੱਤ ਕਿਲ੍ਹਾ' ਕਿਹਾ ਜਾਵੇ ਜਾਂ 'ਸਾਮਰਾਜਵਾਦ ਦੀ ਪ੍ਰਯੋਗਸ਼ਾਲਾ' ਇਸਦਾ ਨਿਰਣਾ ਪਾਠਕ ਖੁਦ ਕਰ ਸਕਦੇ ਹਨ।

-ਰਣਜੀਤ ਲਹਿਰਾ

ਕਲਮੀਂ ਨਸ਼ਤਰ

ਤਜਵੀਜ਼

ਪੰਜਾਬ ਸਰਕਾਰ ਦੇ ਇੱਕ ਰਿਟਾਇਰਡ ਸੀਨੀਅਰ ਅਧਿਕਾਰੀ ਨੇ ਇਹ ਤਜਵੀਜ਼ ਪੇਸ਼ ਕੀਤੀ ਹੈ ਕਿ ਸਾਰੇ ਸਰਕਾਰੀ ਦਫਤਰਾਂ ਵਿੱਚ ਸਟਾਫ ਦੇ ਕੰਮ ਕਰਨ ਵਾਲੇ ਕਮਰਿਆਂ ਵਿੱਚ ਕਲੋਜ਼-ਸਰਕਟ ਟੀ ਵੀ ਕੈਮਰੇ ਲਾ ਦਿੱਤੇ ਜਾਣ! ਉਸ ਦਾ ਕਹਿਣਾ ਇਹ ਵੀ ਹੈ ਕਿ ਉਸ ਨੇ ਨੌਕਰੀ ਕਰ ਰਹੇ

ਕਈ ਬੜੇ ਸੀਨੀਅਰ ਅਧਿਕਾਰੀਆਂ ਨਾਲ ਇਸ ਬਾਰੇ ਗੱਲ ਕੀਤੀ ਹੈ ਤੇ ਉਹ ਵੀ ਇਸ ਤਜਵੀਜ਼ ਨਾਲ ਸਹਿਮਤ ਨੇ! ਰਹੀ ਗੱਲ ਖਰਚੇ ਦੀ, ਉਹਨਾਂ ਦਾ ਖਿਆਲ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਜਦੋਂ ਇਹ ਸੈੱਟ ਇਕੱਠੇ ਖਰੀਦੇ ਗਏ, ਕਾਫੀ ਸਸਤੇ ਮਿਲ ਜਾਣਗੇ, ਬਹੁਤਾ ਬੋਝ ਨਹੀਂ ਪਵੇਗਾ! ਖਜ਼ਾਨੇ ਦੀ ਮੰਦੀ ਹਾਲਤ ਦਾ ਪਤਾ ਹੋਣ ਦੇ ਬਾਵਜੂਦ ਉਹ ਸਮਝਦੈ ਕਿ ਏਨੀ ਕੁ ਮਾਇਆ ਖਰਚ ਹੀ ਦੇਣੀ ਚਾਹੀਦੀ ਹੈ!

ਸਰਕਾਰੀ ਦਫਤਰਾਂ ਵਿੱਚ ਕੈਮਰੇ ਲਾਉਣ ਦੀ ਤਜਵੀਜ਼ ਪਿੱਛੇ ਦੋ ਕਾਰਨ ਨੇ! ਪਹਿਲਾ ਇਹ ਚੈੱਕ ਕਰਨਾ ਕਿ ਸਟਾਫ ਕੰਮ ਵੀ ਕਰਦੈ ਕਿ ਵਿਹਲਾ ਬੈਠ ਕੇ ਸਮਾਂ ਗੁਜ਼ਾਰ ਛੱਡਦੈ! ਦੂਜਾ ਕਾਰਨ ਇਹ ਕਿ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਬਹੁਤ ਨੇ, ਇਸ ਨਾਲ ਲੈਣ-ਦੇਣ ਕਰਨ ਵਾਲੇ ਕਰਮਚਾਰੀਆਂ ਨੂੰ ਡਰ ਬਣਿਆ ਰਹੇਗਾ ਤੇ ਉਹ ਉਤਲੀ ਕਮਾਈ ਕਰਨ ਤੋਂ ਝਿਜਕਿਆ ਕਰਨਗੇ! ਤਜਵੀਜ਼ ਦੇਣ ਵਾਲੇ ਵੀ ਪਹਿਲੀ ਗੱਲ ਨੂੰ ਬਹੁਤਾ ਵਜ਼ਨ ਨਹੀਂ ਦੇਂਦੇ, ਭ੍ਰਿਸ਼ਟਾਚਾਰ ਵਾਲੀ ਬਿਮਾਰੀ ਦਾ ਹੀ ਬਹੁਤਾ ਖਿਆਲ ਕਰਦੇ ਨੇ!

ਇਹ ਗੱਲ ਸੱਚੀ ਹੈ ਕਿ ਭ੍ਰਿਸ਼ਟਾਚਾਰ ਬਹੁਤ ਵਧ ਗਿਐ! ਜਿੱਡਾ ਸਿਰ, ਓਡਾ ਸਿਰਵਾਰਨਾ ਦੇ ਅਖਾਣ ਮੁਤਾਬਕ ਜਿੱਡਾ ਵੱਡਾ ਅਹੁਦਾ, ਓਡੀ ਵੱਡੀ ਰਿਸ਼ਵਤ ਦਾ ਅਸੂਲ ਇੱਕ ਤਰ੍ਹਾਂ ਨਾਲ ਪ੍ਰਵਾਨ ਕੀਤਾ ਜਾ ਚੁੱਕਾ ਜਾਪਦੈ! ਇਲਜ਼ਾਮ ਸੀਨੀਅਰ ਅਧਿਕਾਰੀਆਂ ਉਤੇ ਵੀ ਲੱਗਦੇ ਨੇ, ਪਰ ਓਥੇ ਕੋਈ ਕੈਮਰਾ ਨਹੀਂ ਲਾਇਆ ਜਾ ਸਕਦਾ! ਕਈ ਵਾਰੀ ਮੰਤਰੀਆਂ ਉਤੇ ਕੁਝ ਦੋਸ਼ ਲੱਗ ਜਾਂਦੇ ਨੇ, ਓਥੇ ਕੈਮਰਾ ਲਾਉਣ ਦੀ ਤਜਵੀਜ਼ ਦੇਣਾ ਲੋਕਤੰਤਰ ਦੀ ਬੇਇੱਜ਼ਤੀ ਮੰਨੀ ਜਾਵੇਗੀ! ਹੇਠਲੇ ਕਰਮਚਾਰੀਆਂ ਦਾ ਭ੍ਰਿਸ਼ਟਾਚਾਰ ਨਜ਼ਰ ਆ ਜਾਂਦੈ, ਇਸ ਨੂੰ ਰੋਕਣ ਵਾਲਿਆਂ ਦਾ ਭ੍ਰਿਸ਼ਟਾਚਾਰ ਰੋਕਣ ਦੀ ਕੋਈ ਚਰਚਾ ਹੀ ਨਹੀਂ ਕਰਦਾ! ਹੇਠਲੇ ਸਟਾਫ ਲਈ ਕੈਮਰੇ ਲਾਉਣ ਦੀ ਤਜਵੀਜ਼ ਦਾ ਸਵਾਗਤ ਕੀਤਾ ਜਾ ਰਿਹੈ! ਕਲਮੀਂ ਨਸ਼ਤਰ ਸਮਝਦੈ ਕਿ ਇਸ ਪਿੱਛੇ ਕਾਰਨ ਭ੍ਰਿਸ਼ਟਾਚਾਰ ਹਟਾਉਣਾ ਨਹੀਂ! ਤੁਸੀਂ ਪੁੱਛੋਗੇ; ਫੇਰ ਹੋਰ ਕੀ ਕਾਰਨ ਹੈ? ਕਲਮੀਂ ਨਸ਼ਤਰ ਨੂੰ ਆਪਣਾ ਖਿਆਲ ਜ਼ਾਹਰ ਕਰਨਾ ਪਵੇਗਾ!

ਬਾਬਿਓ, ਕਿਸੇ ਦੇ ਘਰ ਆਏ ਮਹਿਮਾਨ ਨੇ ਘਰ ਦੇ ਮਾਲਕ ਨੂੰ ਕਿਹਾ ਸੀ; ਤੁਹਾਡਾ ਨੌਕਰ ਬੜਾ ਬਦਤਮੀਜ਼ ਹੈ, ਹਰ ਵੇਲੇ ਸੀਟੀ ਵਜਾਉਂਦਾ ਰਹਿੰਦੈ, ਤੁਸੀਂ ਰੋਕਦੇ ਕਿਉਂ ਨਹੀਂ?

ਘਰ ਦੇ ਮਾਲਕ ਨੇ ਕਿਹਾ; ਰੋਕਾਂ ਕਾਹਨੂੰ, ਮੈਂ ਆਪ ਹੀ ਉਸ ਨੂੰ ਹਰ ਵੇਲੇ ਸੀਟੀ ਵਜਾਉਂਦੇ ਰਹਿਣ ਨੂੰ ਕਿਹੈ!

ਹੈਰਾਨ ਹੋਏ ਪਏ ਉਸ ਮਹਿਮਾਨ ਨੇ ਜਾਣਨਾ ਚਾਹਿਆ; ਤੁਸੀਂ ਭਲਾ ਉਸ ਨੂੰ ਸੀਟੀ ਵਜਾਉਣ ਨੂੰ ਕਿਉਂ ਕਿਹੈ?

ਉਸ ਨੇ ਕਿਹਾ; ਇਸ ਨਾਲ ਪਤਾ ਲੱਗਦਾ ਰਹਿੰਦੈ ਕਿ ਉਹ ਰਸੋਈ ਵਿੱਚ ਜਾ ਕੇ ਕੁਝ ਖਾਂਦਾ-ਪੀਂਦਾ ਤਾਂ ਨਹੀਂ ਰਹਿੰਦਾ!

ਅਫ਼ਸਰ ਇਹ ਨਹੀਂ ਵੇਖਣਾ ਚਾਹੁੰਦੇ ਕਿ ਹੇਠਲਾ ਸਟਾਫ਼ ਕੀ ਤੇ ਕਿੰਨੀ ਰਿਸ਼ਵਤ ਲੈ ਰਿਹੈ, ਸਗੋਂ ਇਹ ਗਿਣਨ ਦੀ ਸੌਖ ਚਾਹੁੰਦੇ ਨੇ ਕਿ ਜਿੰਨਾ ਕਮਾਇਐ, ਓਹਦੇ ਵਿੱਚੋਂ ਸਾਡਾ ਹਿੱਸਾ ਵੀ ਪੁਚਾਇਆ ਕਿ ਨਹੀਂ!

ਭਾਰਤੀ ਜਨਤਾ ਪਾਰਟੀ

ਭਾਰਤੀ ਜਨਤਾ ਪਾਰਟੀ ਪੰਜਾਬ ਅੰਦਰ ਬਹੁਤ ਟਾਹਰਾਂ ਮਾਰਦੀ ਹੈ! ਜੇ ਉਹ ਵਿਰੋਧੀ ਧਿਰ ਵਿੱਚ ਹੋਵੇ ਤਾਂ ਕਾਂਗਰਸ ਦੇ ਕੀੜੇ ਕੱਢਦੀ ਹੈ! ਸਰਕਾਰ ਵਿੱਚ ਸ਼ਾਮਲ ਹੋਵੇ ਤਾਂ ਹਾਕਮ ਮੋਰਚੇ ਦੀ ਮੋਹਰੀ ਧਿਰ ਬਾਦਲ ਅਕਾਲੀ ਦਲ ਨੂੰ ਸਮਝਾਉਣੀਆਂ ਦੇਂਦੀ ਹੈ! ਆਪਣੇ ਇਸ ਦੇ ਮੰਤਰੀ ਜਿੰਨਾ ਕੁ ਚੰਗਾ ਕੰਮ ਕਰਦੇ ਨੇ, ਗੁੱਝਾ ਉਹ ਵੀ ਕਿਸੇ ਤੋਂ ਨਹੀਂ! ਪਿਛਲੀ ਵਾਰੀ ਜਦੋਂ ਇਨ੍ਹਾਂ ਦੀ ਸਰਕਾਰ ਬਣੀ, ਸਥਾਨਕ ਸਰਕਾਰਾਂ ਦੇ ਮੰਤਰੀ ਬਲਰਾਮਜੀ ਦਾਸ ਟੰਡਨ ਨੇ ਮਹਿਕਮੇ ਅੰਦਰ ਟਨ-ਟਨ ਕਰਵਾ ਛੱਡੀ ਸੀ! ਜਲੰਧਰ ਦੀ ਨਗਰ ਕੌਂਸਲ ਵਿੱਚ ਮੇਅਰ ਦੀ ਸਰਕਾਰੀ ਕੋਠੀ ਭਾਜਪਾਈਏ ਮੇਅਰ ਨੂੰ ਉਮਰ ਭਰ ਲਈ ਸੇਵਾ ਫਲ ਵਜੋਂ ਦੇਣ ਦੀ ਤਜਵੀਜ਼ ਵੀ ਪਾਸ ਕਰਵਾ ਛੱਡੀ ਸੀ! ਵੱਖਰੀ ਗੱਲ ਹੈ ਕਿ ਪਿਛੋਂ ਉਹ ਮੇਅਰ ਸਾਬਕਾ ਹੋ ਕੇ ਕਾਂਗਰਸੀਆ ਵੀ ਹੋ ਗਿਆ ਸੀ!

ਕੇਂਦਰ ਵਿੱਚ ਇਸ ਪਾਰਟੀ ਦਾ ਨਾਹਰਾ ਇਹੋ ਹੁੰਦੈ ਕਿ ਸਿਧਾਂਤ ਦੀ ਥਾਂ ਸਭ ਤੋਂ ਉਪਰ ਤੇ ਰਾਜਨੀਤੀ ਇਸ ਦੇ ਅਧੀਨ ਚੱਲੇਗੀ! ਇਸ ਸਿਧਾਂਤਵਾਦੀ ਪਾਰਟੀ ਨੇ ਕਿਸੇ ਨੂੰ ਪਤਾ ਹੀ ਨਹੀਂ ਸੀ ਲੱਗਣ ਦਿੱਤਾ ਤੇ ਪੈਟਰੋਲ ਪੰਪ ਹਜ਼ਾਰਾਂ ਦੀ ਗਿਣਤੀ ਵਿੱਚ ਆਪਣੇ ਲੀਡਰਾਂ ਦੇ ਪੁੱਤਰਾਂ-ਧੀਆਂ ਨੂੰ ਵੰਡ ਦਿੱਤੇ ਸਨ! ਸਰਕਾਰੀ ਜ਼ਮੀਨਾਂ ਕਾਗਜ਼ੀ ਫੱਟੇ ਵਾਲੀਆਂ ਸੰਸਥਾਵਾਂ ਦੇ ਨਾਂਅ ਉੱਤੇ ਲੀਡਰਾਂ ਨੇ ਹਥਿਆ ਲਈਆਂ ਸਨ! ਗੈਸ ਏਜੰਸੀਆਂ ਦੀ ਵੀ ਇਹੋ ਜਿਹੀ ਬਾਂਦਰ-ਵੰਡ ਕੀਤੀ ਸੀ, ਜਿਹੜੀਆਂ ਪਿੱਛੋਂ ਛੱਡਣੀਆਂ ਪਈਆਂ ਸਨ!

ਗਵਾਂਢੀ ਰਾਜ ਰਾਜਸਥਾਨ ਵਿੱਚ ਭਾਜਪਾ ਨੇ ਇੱਕ ਰਾਜਕੁਮਾਰੀ ਨੂੰ ਮੁੱਖ ਮੰਤਰੀ ਬਣਾ ਦਿੱਤਾ! ਉਹਨੇ ਇੱਕ ਹੈਲੀਕਾਪਟਰ ਮੰਗਵਾਇਆ, ਥੋੜ੍ਹੇ ਦਿਨਾਂ ਵਿੱਚ ਉਹ ਤਬਾਹ ਹੋ ਗਿਆ ਤਾਂ ਖੜ੍ਹੇ ਪੈਰ ਦੂਜੇ ਦਾ ਆਰਡਰ ਕਰਵਾ ਦਿੱਤਾ! ਭਾਜਪਾ ਦੇ ਆਪਣੇ ਪ੍ਰਧਾਨ ਮੰਤਰੀ ਵਾਜਪਾਈ ਦਾ ਪ੍ਰਕਰਮਾ ਪ੍ਰੋਜੈਕਟ ਦੇਸ਼ ਭਰ ਵਿੱਚ ਚੱਲਦਾ ਰਿਹਾ ਤੇ ਸੜਕਾਂ ਬਣਦੀਆਂ ਰਹੀਆਂ, ਪਰ ਰਾਜਕੁਮਾਰੀ ਮੁੱਖ ਮੰਤਰੀ ਨੇ ਆਪਣੀ ਜਾਇਦਾਦ ਖਾਤਰ ਰਾਹ ਵਿੱਚ ਅੜਿੱਕਾ ਲਗਵਾ ਦਿੱਤਾ! ਹੁਣ ਓਸੇ ਰਾਜਸਥਾਨ ਵਿੱਚ ਇੱਕ ਨਵਾਂ ਸਕੈਂਡਲ ਸਾਹਮਣੇ ਆਇਐ! ਕੇਂਦਰ ਸਰਕਾਰ ਨੇ ਜਿਹੜਾ ਪੈਸਾ ਰੋਜ਼ਗਾਰ ਗਰੰਟੀ ਯੋਜਨਾ ਵਜੋਂ ਭਿਜਵਾਇਐ, ਉਹ ਵੱਡੇ ਲੀਡਰਾਂ ਦੇ ਚਹੇਤਿਆਂ ਨੇ ਲੋਕਾਂ ਤੋਂ ਲੁਕਾਇਐ ਤੇ ਆਪੋ ਵਿੱਚ ਇੰਜ ਵੰਡਿਆ-ਵੰਡਾਇਐ ਕਿ ਧੂੰਆਂ ਵੀ ਮਸਾਂ ਹੀ ਬਾਹਰ ਆਇਐ! ਏਨੀ ਸਿਧਾਂਤ ਉੱਤੇ ਪਹਿਰਾ ਦੇਣ ਵਾਲੀ ਪਾਰਟੀ ਹੈ ਭਾਜਪਾ!

ਭਾਜਪਾ ਰਾਜਨੀਤੀ ਵਿੱਚ ਵੀ ਤਮਾਸ਼ੇ ਕਰਦੀ ਹੈ! ਤੁਸੀਂ ਕਹੋਗੇ; ਕਿੱਦਾਂ ਦੇ ਤਮਾਸ਼ੇ?

ਬਾਬਿਓ, ਅਕਬਰ ਬਾਦਸ਼ਾਹ ਨੇ ਬੀਰਬਲ ਨੂੰ ਕਿਹਾ ਸੀ; ਕੀ ਕੋਈ ਏਦਾਂ ਦਾ ਤਮਾਸ਼ਾ ਤੈਨੂੰ ਪਤੈ, ਜਿੱਦਾਂ ਦਾ ਕਦੇ ਕਿਸੇ ਨੇ ਨਾ ਕੀਤਾ ਹੋਵੇ, ਨਾ ਵੇਖਿਆ ਹੋਵੇ?

ਬੀਰਬਲ ਨੇ ਕਿਹਾ; ਦੋ ਲੱਖ ਮੋਹਰਾਂ ਕੱਢੋ, ਹੁਣੇ ਖੜ੍ਹੇ ਪੈਰ ਮੈਂ ਹੀ ਇਹੋ ਜਿਹਾ ਤਮਾਸ਼ਾ ਵਿਖਾ ਦੇਂਦਾ ਹਾਂ!

ਅਕਬਰ ਨੇ ਸੋਨੇ ਦੀਆਂ ਦੋ ਲੱਖ ਮੋਹਰਾਂ ਦੇ ਦਿੱਤੀਆਂ! ਬੀਰਬਲ ਲੈ ਕੇ ਘਰ ਨੂੰ ਤੁਰ ਪਿਆ! ਅਕਬਰ ਨੇ ਪੁੱਛਿਆ; ਬੀਰਬਲ, ਤੁਰ ਚੱਲਿਐਂ, ਤਮਾਸ਼ਾ ਕੌਣ ਵਿਖਾਊਗਾ?

ਬੀਰਬਲ ਨੇ ਕਿਹਾ; ਤਮਾਸ਼ਾ ਤਾਂ ਵਿਖਾ ਦਿੱਤੈ! ਨਾ ਹਿੰਙ ਲੱਗੇ, ਨਾ ਫਟਕੜੀ, ਰੰਗ ਵੀ ਚੋਖਾ! ਗੀਤ ਕੋਈ ਗਾਇਆ ਨਹੀਂ, ਹੱਥ-ਪੈਰ ਹਿਲਾਇਆ ਨਹੀਂ, ਦੋ ਲੱਖ ਮੋਹਰਾਂ ਮੈਂ ਕਮਾ ਲਈਆਂ ਨੇ, ਏਦੂੰ ਵਧੀਆ ਤਮਾਸ਼ਾ ਹੋਰ ਕਿਹੜਾ ਹੋ ਸਕਦੈ?

ਜੇ ਕਿਧਰੇ ਬੀਰਬਲ ਅੱਜ ਜਿਉਂਦਾ ਹੁੰਦਾ, ਭਾਜਪਾ ਦੇ ਲੀਡਰਾਂ ਨੇ ਉਹਨੂੰ ਵੀ ਮੁਕਾਬਲੇ 'ਚ ਪਛਾੜ ਦੇਣਾ ਸੀ!

ਚਰਚਾ ਵਿੱਚ ਹੈ ਗੋਵਿੰਦਾ

ਫਿਲਮ ਐਕਟਰ ਗੋਵਿੰਦਾ ਚਰਚਾ ਵਿੱਚ ਹੈ! ਚਰਚਾ ਵਿੱਚ ਰਹਿਣ ਦਾ ਤਾਂ ਉਹ ਵੀ ਮੁੱਢਾਂ ਤੋਂ ਹੀ ਆਦੀ ਹੈ! ਇੱਕ ਵਾਰੀ ਪਰਵਾਰ ਦੇ ਜੀਆਂ ਨੂੰ ਕੌਂਸਲ ਟਿਕਟਾਂ ਦਿਵਾਉਣ ਲਈ ਚਰਚਾ ਵਿੱਚ ਆਇਆ ਸੀ, ਫੇਰ ਪਰਵਾਰ ਦੇ ਜੀਆਂ ਦੇ ਝਗੜੇ ਵਿੱਚ ਪੁਲਸ ਉੱਤੇ ਦਬਾਅ ਪਾਉਣ ਕਰ ਕੇ ਵੀ! ਜਦੋਂ ਸਲਮਾਨ ਖਾਨ ਨੇ ਸ਼ਰਾਬ ਪੀ ਕੇ ਅੱਧੀ ਰਾਤ ਫਿਲਮ ਐਕਟਰੈੱਸ ਐਸ਼ਵਰਿਆ ਰਾਏ ਨੂੰ ਗੰਦੀਆਂ ਗਾਹਲਾਂ ਕੱਢੀਆਂ ਸੀ, ਓਦੋਂ ਉਹ ਸਲਮਾਨ ਖਾਨ ਦਾ ਸਮੱਰਥਕ ਬਣ ਕੇ ਕਹਿੰਦਾ ਸੀ, ਦੋ ਪੈੱਗ ਲਗਾ ਕਰ ਲੜਕੇ ਨੇ ਸਹੇਲੀ ਪਰ ਰੋਅਬ ਜਮਾ ਲੀਆ ਤੋ ਇਸ ਮੇਂ ਜੁਰਮ ਕਿਆ ਹੈ? ਚਰਚਾ ਤਾਂ ਉਸ ਦੀ ਓਦੋਂ ਵੀ ਚੱਲੀ ਸੀ, ਜਦੋਂ ਸੋਨੀਆ ਗਾਂਧੀ ਉਸ ਨੂੰ ਲੋਕ ਸਭਾ ਦੀ ਟਿਕਟ ਦੇਣ ਲਈ ਉਡੀਕਦੀ ਰਹੀ ਸੀ ਤੇ ਉਹ ਦੋ-ਤਿੰਨ ਘੰਟੇ ਲੇਟ ਕਰ ਕੇ ਇੰਜ ਆਇਆ ਸੀ, ਜਿਵੇਂ ਫਿਲਮ ਦੇ ਸ਼ੂਟਿੰਗ ਸੈੱਟ ਤੇ ਜਾਈਦੈ!

ਉਹ ਇਕੱਲਾ ਨਹੀਂ, ਹੋਰ ਲੋਕ ਵੀ ਚਰਚਾ 'ਚ ਰਹਿੰਦੇ ਨੇ! ਇਸ ਵਾਰੀ ਗੋਵਿੰਦਾ ਜਿਸ ਗੱਲੋਂ ਚਰਚਾ ਵਿੱਚ ਆਇਐ, ਉਹ ਰੰਗ ਇਸ ਤੋਂ ਪਹਿਲਾਂ ਧਰਮਿੰਦਰ ਨੇ ਵੀ ਵਿਖਾਇਐ! ਉਹ ਵੋਟਾਂ ਲੈਣ ਵੇਲੇ ਬੀਕਾਨੇਰ 'ਚ ਕਹਿੰਦਾ ਸੀ, ਏਥੇ ਹੀ ਰਿਹਾ ਕਰੂੰਗਾ! ਜਿੱਤ ਗਿਆ ਤਾਂ ਓਥੇ ਵੜਿਆ ਹੀ ਨਾ ਤੇ ਲੋਕਾਂ ਨੇ ਉਸ ਦੇ ਗੁੰਮ-ਸ਼ੁਦਾ ਦੇ ਇਸ਼ਤਿਹਾਰ ਲਾ ਦਿੱਤੇ! ਫੇਰ ਇਹ ਕਹਿੰਦਾ ਸੀ; ਅਪਨੇ ਚੁਨਾਵ ਕਸ਼ੇਤਰ ਕੇ ਲੀਏ ਦਿੱਲੀ ਸੇ ਸਭ ਕੁਛ ਕਰ ਰਹਾ ਹੂੰ, ਬੀਕਾਨੇਰ ਜਾ ਕਰ ਕਿਆ ਕਰੂੰਗਾ? ਲੋਕਾਂ ਨੇ ਵਿਰੋਧ ਕੀਤਾ ਤਾਂ ਕਹਿੰਦਾ ਸੀ; ਯੇ ਸਭ ਮੇਰੇ ਰਾਜਨੀਤਕ ਵਿਰੋਧੀਓਂ ਕੀ ਸਾਜ਼ਿਸ਼ ਹੈ!

ਗੋਵਿੰਦਾ ਵੀ ਇਸੇ ਗੇੜ ਵਿੱਚ ਪਿਆ ਫਿਰਦੈ! ਉਸ ਦੇ ਚੋਣ ਹਲਕੇ ਦੇ ਲੋਕਾਂ ਨੂੰ ਰੋਸ ਹੈ ਕਿ ਗੋਵਿੰਦਾ ਆਪਣੇ ਹਲਕੇ 'ਚ ਮੂੰਹ ਹੀ ਨਹੀਂ ਵਿਖਾਉਂਦਾ! ਮੂੰਹ ਵੇਖਣ ਨੂੰ ਤਾਂ ਉਹ ਫਿਲਮ ਦੀ ਸੀ ਡੀ ਲਾ ਕੇ ਵੀ ਵੇਖ ਸਕਦੇ ਨੇ, ਮਤਲਬ ਤਾਂ ਇਹ ਹੈ ਕਿ ਉਹ ਹਲਕੇ ਦਾ ਹਾਲ ਵੇਖਣ ਲਈ ਨਹੀਂ ਆਉਂਦਾ! ਵਿਰੋਧ ਵਧਦਾ ਗਿਆ ਤਾਂ ਚਿੱਠੀਆਂ ਤੋਂ ਤੁਰਦੀ ਗੱਲ ਅਖ਼ਬਾਰੀ ਖ਼ਬਰਾਂ ਅਤੇ ਟੈਲੀਵੀਜ਼ਨ ਚੈਨਲਾਂ ਉੱਤੇ ਬਹਿਸ ਤੱਕ ਜਾ ਪੁੱਜੀ! ਫੇਰ ਕਿਸੇ ਸੰਸਥਾ ਨੇ ਇਹ ਬੋਰਡ ਲਗਵਾ ਦਿੱਤੇ ਕਿ ਜਿਹੜਾ ਕੋਈ ਇਸ ਹਲਕੇ ਦੇ ਪਾਰਲੀਮੈਂਟ ਮੈਂਬਰ ਗੋਵਿੰਦਾ ਬਾਰੇ ਸੂਚਨਾ ਦੇਵੇਗਾ, ਉਸ ਨੂੰ ਮੋਟਾ ਇਨਾਮ ਦਿੱਤਾ ਜਾਵੇਗਾ! ਧਰਮਿੰਦਰ ਵਰਗੇ ਫਿਲਮ ਸਟਾਰ ਗੋਵਿੰਦੇ ਦਾ ਧਰਮਿੰਦਰ ਵਰਗਾ ਜਵਾਬ ਸੀ; ਯੇ ਸਭ ਮੇਰੇ ਰਾਜਨੀਤਕ ਵਿਰੋਧੀਓਂ ਦੀ ਸਾਜ਼ਿਸ਼ ਹੈ! ਜਵਾਬ ਤਾਂ ਇਹ ਜੋ ਮਰਜ਼ੀ ਦੇਂਦੇ ਰਹਿਣ, ਪਰ ਸਵਾਲ ਤਾਂ ਇਹ ਹੈ ਕਿ ਲੋਕਾਂ ਨੇ ਇਹ ਬੋਰਡ ਕਿਉਂ ਲਾਇਐ?

ਬਾਬਿਓ, ਰਾਹ ਜਾਂਦਿਆਂ ਇੱਕ ਜੈਂਟਲਮੈਨ ਨੂੰ ਕਿਸੇ ਮੰਗਤੇ ਨੇ ਕਿਹਾ ਸੀ; ਰੱਬ ਦੇ ਨਾਂਅ ਉੱਤੇ ਕੁਝ ਦੇਂਦਾ ਜਾਹ!

ਉਸ ਨੇ ਕਿਹਾ; ਮੈਂ ਰਾਹਾਂ 'ਚ ਰੱਬ ਦੇ ਨਾਂਅ 'ਤੇ ਪੈਸੇ ਵੰਡਦਾ ਨਹੀਂ ਫਿਰਦਾ!

ਮੰਗਤੇ ਨੇ ਕਿਹਾ ਸੀ; ਕੋਈ ਗੱਲ ਨਹੀਂ, ਘਰ ਦਾ ਪਤਾ ਦੇ ਜਾਹ, ਮੈਂ ਓਥੋਂ ਆ ਕੇ ਲੈ ਜਾਵਾਂਗਾ!

ਗੋਵਿੰਦਾ ਦੇ ਹਲਕੇ ਦੇ ਲੋਕ ਮੰਗਤੇ ਨਹੀਂ, ਵੋਟਰ ਹਨ! ਫਿਰ ਵੀ ਉਹਨਾਂ ਨੇ ਜਦੋਂ ਇੱਕ ਵਾਰੀ ਹਲਕੇ 'ਚ ਆਏ ਆਪਣੇ ਐੱਮ ਪੀ ਤੋਂ ਗਰਾਂਟਾਂ ਦੇ ਗੱਫ਼ੇ ਦੀ ਮੰਗ ਕੀਤੀ ਤਾਂ ਉਹ ਕਹਿ ਬੈਠਾ ਸੀ, ਮੈਂ ਰਾਹਾਂ ਚ ਗਰਾਂਟਾਂ ਨਹੀਂ ਵੰਡਦਾ ਫਿਰਦਾ! ਹੁਣ ਲੋਕਾਂ ਨੇ ਇਨਾਮ ਰੱਖਿਐ ਇਸ ਗੱਲ ਦਾ ਕਿ ਕੋਈ ਉਹਨਾਂ ਨੂੰ ਉਹਨਾਂ ਦੇ ਐੱਮ ਪੀ ਬਾਰੇ ਇਹ ਸੂਚਨਾ ਦੇ ਦੇਵੇ ਕਿ ਗੋਵਿੰਦਾ ਕਿੱਥੇ ਰਹਿੰਦੈ? ਜੇ ਕਿਸੇ ਨੇ ਸੱਚਮੁੱਚ ਇਹ ਸੂਚਨਾ ਹਲਕੇ ਦੇ ਵੋਟਰਾਂ ਤੱਕ ਪੁਚਾ ਦਿੱਤੀ ਤੇ ਉਹ ਉਸ ਦੀ ਕੋਠੀ ਘੇਰਨ ਤੁਰ ਪਏ, ਉਹ ਫੇਰ ਵੀ ਕਹੇਗਾ; ਕਿਆ ਹੈ, ਯੇ ਤੋ ਮੇਰੇ ਰਾਜਨੀਤਕ ਵਿਰੋਧੀਓਂ ਕੀ ਸਾਜ਼ਿਸ਼ ਹੈ!

2008 ਦੀਆਂ ਚੀਨ ਉਲੰਪਿਕਸ ਖੇਡਾਂ

ਸਾਲ 1978 ਵਿੱਚ ਚੀਨ ਦੇ ਸਾਬਕਾ ਪ੍ਰਧਾਨ ਡੈਂਗ ਸੀਨਾਪੋਗ ਵੱਲੋਂ ਚੀਨੀ ਕੌਮ ਵਿੱਚ ਵਿਕਾਸ ਦੀ ਨਵੀਂ ਰੂਹ ਫੂਕਣ ਦਾ ਇੱਕ ਅਹਿਮ ਐਲਾਨ ਅਤੇ ਯੋਜਨਾ ਤਿਆਰ ਕੀਤੀ ਗਈ ਸੀ ਤਾਂ ਕਿ ਚੀਨ ਦੀ ਆਰਥਿਕਤਾ ਦਾ ਸਰਬਪੱਖੀ ਵਿਕਾਸ ਤੇਜ਼ੀ ਨਾਲ ਹੋ ਸਕੇ ਅਤੇ ਉਸ ਦਾ ਦੇਸ਼ ਵੀ ਸੰਸਾਰ ਦੇ ਵਿਕਾਸਸ਼ੀਲ ਦੇਸ਼ਾਂ ਦੀ ਲਾਈਨ ਵਿੱਚ ਖੜੋ ਸਕੇ। ਸਾਲ 2008 ਵਿੱਚ ਇਸ ਐਲਾਨ ਅਤੇ ਯੋਜਨਾ ਨੂੰ 30ਵਾਂ ਸਾਲ ਲੱਗ ਗਿਆ

ਹੈ। ਇਸ ਆਰਥਿਕ ਵਿਕਾਸ ਨੂੰ ਮਨਾਉਣ ਲਈ ਸੰਸਾਰ ਭਰ ਦੀ ਸਭ ਤੋਂ ਵੱਡੀ ਪ੍ਰਦਰਸ਼ਨੀ ਉਲੰਪਿਕਸ ਨੂੰ ਆਪਣੇ ਦੇਸ਼ ਵਿੱਚ ਕਰਵਾਉਣ ਦਾ ਮਾਣ ਹਾਸਲ ਹੋ ਚੁੱਕਾ ਹੈ। ਸੰਸਾਰ ਦੇ ਕੁੱਲ 216 ਦੇਸ਼ਾਂ ਵਿੱਚੋਂ ਲਗਭਗ 180 ਦੇਸ਼ ਜ਼ਰੂਰ ਹੀ ਸੰਸਾਰ ਦੇ ਇਸ ਖੇਡ ਮੇਲੇ ਵਿੱਚ ਹਿੱਸੇ ਲੈਣਗੇ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਸਾਰ ਦੇ ਚੋਟੀ ਦੇ ਖਿਡਾਰੀ ਮਰਦ ਅਤੇ ਔਰਤਾਂ ਹਿੱਸਾ ਲੈਣਗੀਆਂ ਪਰ ਚੀਨ ਵਾਸਤੇ ਸਭ ਤੋਂ ਵੱਡਾ ਇੱਜ਼ਤ ਦਾ ਮਸਲਾ ਇਹ ਹੈ ਕਿ ਉਹ ਇਨ੍ਹਾਂ ਖੇਡਾਂ ਵਿੱਚ ਆਪਣੀ ਸਭ ਤੋਂ ਵਧੀਆ ਕਾਰਗੁਜ਼ਾਰੀ ਕਿਵੇਂ ਦਿਖਾਏਗਾ, ਕਿਉਂਕਿ ਪਹਿਲੀਆਂ ਉਲੰਪਿਕਸ ਖੇਡਾਂ ਵਿੱਚ ਚੀਨ ਸੋਨੇ ਦੇ ਅਤੇ ਹੋਰ ਤਮਗਿਆਂ ਦੀ ਗਿਣਤੀ ਵਿੱਚ ਪਹਿਲੇ ਪੰਜਾਂ ਵਿੱਚ ਅਤੇ ਏਸ਼ੀਆ ਦੇਸ਼ਾਂ ਵਿੱਚ ਹਮੇਸ਼ਾ ਪਹਿਲੇ ਨੰਬਰ ਉਪਰ ਹੀ ਆਉਂਦਾ ਰਹਿੰਦਾ ਹੈ। ਚੀਨ ਪਹਿਲਾਂ ਨਾਲੋਂ ਵੀ ਵਧੀਆ ਕਾਰਗੁਜ਼ਾਰੀ ਦਰਸਾਉਣ ਲਈ ਪੱਕਾ ਇਰਾਦਾ ਕਰ ਚੁੱਕਿਆ ਹੈ ਤਾਂ ਕਿ ਕੁੱਲ ਸੰਸਾਰ ਦੇ ਹੋਰ ਦੇਸ਼ਾਂ ਦੇ ਅਲੋਚਨਾ ਕਰਨ ਵਾਲਿਆਂ ਦਾ ਮੂੰਹ ਬੰਦ ਕੀਤਾ ਜਾਵੇ, ਜਿੱਥੇ ਚੀਨ ਕੌਮਾਂਤਰੀ ਖੇਡਾਂ ਵਿੱਚ ਆਪਣੀ ਧਾਂਕ ਜਮਾਉਣਾ ਚਾਹੁੰਦਾ ਹੈ, ਉਥੇ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਉਸ ਦੇਸ਼ ਨੇ ਕਿੰਨਾ ਜ਼ਿਆਦਾ ਵਿਕਾਸ ਕਰ ਲਿਆ ਹੈ।

ਸਾਲ 2008 ਵਿੱਚ ਚੀਨ ਪਹਿਲਾਂ ਨਾਲੋਂ ਸੈਂਕੜੇ ਗੁਣਾਂ ਆਤਮ ਵਿਸ਼ਵਾਸ ਅਤੇ ਪੂਰਨ ਹੌਂਸਲੇ ਨਾਲ ਨਜ਼ਰ ਆ ਰਿਹਾ ਹੈ। ਉਹ ਆਪਣੇ 1300 ਸਾਲ ਪੁਰਾਣੇ ਆਰਥਿਕ ਵਿਕਾਸ ਤੋਂ ਵੀ ਕਈ ਗੁਣਾ ਅੱਗੇ ਵਧਣਾ ਚਾਹੁੰਦਾ ਹੈ, ਜੋ ਵਿਕਾਸ ਉਸ ਨੇ ਸਾਮਰਾਜ ਦੇ ਸਮੇਂ ਕੀਤਾ ਸੀ। ਚੀਨ ਅੱਜ ਕੁੱਲ ਦੁਨੀਆਂ ਨੂੰ ਇਹ ਸੁਨੇਹਾ ਦੇਣ ਦੀ ਹੈਸੀਅਤ ਵਿੱਚ ਹੋ ਚੁੱਕਿਆ ਹੈ ਕਿ ਉਸ ਦਾ ਪੁਰਾਣਾ ਸ਼ਰਮਨਾਕ ਸਮਾਂ ਖਤਮ ਹੋ ਚੁੱਕਿਆ ਹੈ ਜਦੋਂ ਉਸ ਦੇਸ਼ ਨੂੰ ਅਫੀਮਚੀ ਦੇਸ਼ ਨਾਲ ਪੁਕਾਰਿਆ ਜਾਂਦਾ ਸੀ ਅਤੇ ਇਸ ਅਫੀਮ ਬਦਲੇ ਉਸ ਨੇ ਦੁਨੀਆਂ ਦੇ ਅਨੇਕ ਦੇਸ਼ਾਂ ਨਾਲ ਲੜਾਈਆਂ ਲੜੀਆਂ ਸਨ। ਲਗਭਗ ਇੱਕ ਹਜ਼ਾਰ ਸਾਲ ਤੋਂ ਜ਼ਿਆਦਾ ਸਮਾਂ ਚੀਨ ਨੇ ਗਰੀਬੀ ਵਿੱਚ ਕੱਟਿਆ ਹੈ। ਸੰਸਾਰ ਦੀਆਂ ਮਹਾਨ ਕੌਮਾਂ ਇਸ ਦੇਸ਼ ਨਾਲ ਆਪਣੇ ਰਿਸ਼ਤੇ ਕਾਇਮ ਕਰਨ ਵਿੱਚ ਗੁਰੇਜ਼ ਕਰਦੀਆਂ ਸਨ ਪਰ ਸਾਲ 1978 ਤੋਂ ਸ਼ੁਰੂ ਹੋਇਆ ਆਰਥਿਕ ਇਨਕਲਾਬ ਸਾਲ 2008 ਵਿੱਚ ਸੰਸਾਰ ਦੇ ਕੁੱਲ ਦੇਸ਼ਾਂ ਨੂੰ ਪਿੱਛੇ ਛੱਡ ਚੁੱਕਿਆ ਹੈ। ਅੱਜ ਇਸ ਨੂੰ ਕੁੱਲ ਸੰਸਾਰ ਦੇ ਸ਼ਕਤੀਸ਼ਾਲੀ ਵਪਾਰਕ ਦੇਸ਼ ਦਾ ਅਹੁਦਾ ਮਿਲ ਗਿਆ ਹੈ। ਸਾਲ 2008 ਵਿੱਚ ਹੀ ਉਹ ਆਪਣੇ ਦੇਸ਼ ਦੇ ਵਿਗਿਆਨਕਾਂ ਨੂੰ ਮੰਗਲ ਗ੍ਰਹਿਆਂ ਤੱਕ ਭੇਜਣ ਦੀ ਯੋਜਨਾ ਬਣਾ ਚੁੱਕਾ ਹੈ। ਇਸ ਦੇਸ਼ ਦੇ ਵਿਗਿਆਨਕ ਵੀ ਹਵਾ ਰਹਿਤ ਅਕਾਸ਼ ਵਿੱਚ ਉਡਾਰੀਆਂ ਮਾਰ ਸਕਣਗੇ। ਅੱਜ ਹਥਿਆਰਾਂ ਦੀ ਦੌੜ ਵਿੱਚ ਚੀਨ ਵੀ ਮੋਹਰੀ ਬਣ ਚੁੱਕਿਆ ਹੈ ਅਤੇ ਹਰ ਕੌਮਾਂਤਰੀ ਹਥਿਆਰ ਰੋਕਣ ਦੀਆਂ ਕਾਰਵਾਈਆਂ ਵਿੱਚ ਇਸ ਦਾ ਹੱਥ ਅਹਿਮ ਮੰਨਿਆ ਜਾਂਦਾ ਹੈ। ਉੱਤਰੀ ਕੋਰੀਆ ਦੇ ਪ੍ਰਮਾਣੂ ਲੜਾਈ ਦੇ ਸਬੰਧ ਵਿੱਚ ਸਬੂਤ ਮਿਲ ਹੀ ਚੁਕਿਆ ਹੈ।

ਉਲੰਪਿਕਸ ਖੇਡਾਂ 'ਨਵਾਂ ਚੀਨ' ਦੇਖਣ ਦਾ ਇੱਕ ਸੁਨਹਿਰੀ ਮੌਕਾ ਹੈ, ਜਿਸ ਤੋਂ ਇਹ ਵੀ ਪਤਾ ਚੱਲੇਗਾ ਕਿ ਚੀਨੀ ਆਮ ਜਨਤਾ ਵਿੱਚ ਮੁੜ ਦੇਸ਼ ਭਗਤੀ ਦਾ ਕਿੰਨਾ ਜ਼ਿਆਦਾ ਜ਼ਜ਼ਬਾ ਪੈਦਾ ਹੋ ਚੁੱਕਿਆ ਹੈ। ਇਸ ਦਾ ਉਸ ਵੇਲੇ ਹੀ ਸਬੂਤ ਮਿਲ ਗਿਆ ਸੀ ਜਦੋਂ ਚੀਨ ਨੇ ਉਲੰਪਿਕਸ ਖੇਡਾਂ ਨੂੰ ਚੀਨ ਵਿੱਚ ਕਰਵਾਉਣ ਲਈ ਸਾਰੀ ਦੁਨੀਆਂ ਨੂੰ ਪਿੱਛੇ ਛੱਡ ਦਿੱਤਾ ਸੀ। ਉਲੰਪਿਕਸ ਖੇਡਾਂ ਮੁੱਖ ਤੌਰ 'ਤੇ ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਹੀ ਹੋਣਗੀਆਂ। ਚੀਨ ਦਾ ਹਰ ਨਾਗਰਿਕ 8 ਅਗਸਤ 2008 ਦਾ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ ਅਤੇ ਦੇਸ਼ ਦੀ ਹਰ ਘਟਨਾ ਨੂੰ 8 ਅਗਸਤ ਨਾਲ ਹੀ ਜੋੜਿਆ ਜਾ ਰਿਹਾ ਹੈ। ਬੀਜਿੰਗ ਨੂੰ ਹਰ ਢੰਗ ਨਾਲ ਮੁੜ ਸੁਰਜੀਤ ਕੀਤਾ ਗਿਆ ਤਾਂ ਕਿ ਇਸ ਵਿੱਚ ਨਵੀਆ ਚੀਜ਼ਾਂ ਨਜ਼ਰ ਆਉਣ, ਜੋ ਅੱਜ ਤੱਕ ਦੂਸਰੀਆਂ ਉਲੰਪਿਕਸ ਖੇਡਾਂ ਵਾਲੇ ਸ਼ਹਿਰਾਂ ਵਿੱਚ ਪਹਿਲਾਂ ਕਦੀ ਵੀ ਨਾ ਬਣ ਸਕੀਆਂ ਹੋਣ। ਜਿਸ ਵਿੱਚ ਅਕਾਸ਼ ਨੂੰ ਛੂਹਣ ਵਾਲੀਆਂ ਇਮਾਰਤਾਂ, ਬੇਮੁੱਲੇ ਸਟੇਡੀਅਮ, ਨਵੀਆਂ ਜ਼ਮੀਨ ਅੰਦਰ ਰੇਲਵੇ ਲਾਈਨਾਂ, ਘੱਟੋ-ਘੱਟ 8 ਹਿੱਸਿਆਂ ਵਾਲੀਆਂ ਸੜਕਾਂ, ਨਵੀਆਂ ਬੱਸਾਂ, ਕਾਰਾਂ, ਟੈਕਸੀਆਂ ਅਤੇ ਸਬ-ਵੇ ਸ਼ਾਮਿਲ ਹਨ। ਇਨ੍ਹਾਂ ਖੇਡਾਂ ਨੂੰ ਸੰਭਾਲਣ ਲਈ ਬੀਜਿੰਗ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਹਵਾਈ ਅੱਡਾ ਤਿਆਰ ਹੋ ਚੁੱਕਿਆ ਹੈ। ਇਨ੍ਹਾਂ ਸਾਰੀਆਂ ਹੀ ਚੀਜ਼ਾਂ ਨੂੰ ਤਿਆਰ ਕਰਨ ਦੀ ਯੋਜਨਾ ਦੀ ਜ਼ਿੰਮੇਵਾਰੀ ਫਰਾਂਸ ਦੇਸ਼ ਦੇ ਸੁਪਰ ਸਟਾਰ ਆਰਕੀਟੈਕਟ ਨਾਰਸੈਨ ਫੋਸਟਰ ਨੂੰ ਦਿੱਤੀ ਗਈ, ਜਿਨ੍ਹਾਂ ਨੇ ਇਹ ਸਾਬਤ ਕੀਤਾ ਕਿ ਸੰਸਾਰ ਵਿੱਚ ਕੁਝ ਵੀ ਅਸੰਭਵ ਨਹੀਂ ਹੈ।

ਬੀਜਿੰਗ ਦੀਆਂ ਉਲੰਪਿਕਸ ਖੇਡਾਂ ਉਪਰ 40 ਬਿਲੀਅਨ ਡਾਲਰ ਤੋਂ ਜ਼ਿਆਦਾ ਖਰਚ ਆਵੇਗਾ, ਜਿਸ ਵਿੱਚ ਹਰ ਵਿਦੇਸ਼ੀ ਨਾਗਰਿਕ ਨੂੰ ਕਾਬਲੇ ਤਾਰੀਫ਼ ਸਹੂਲਤਾਂ ਮਿਲ ਸਕਣਗੀਆਂ। ਚੀਨ ਵਿੱਚ ਪਿਛਲੇ 2 ਸਾਲਾਂ ਤੋਂ ਹਜ਼ਾਰਾਂ ਹੀ ਨਾਗਰਿਕਾਂ ਨੂੰ ਅੰਗਰੇਜ਼ੀ ਬੋਲਣ, ਲਿਖਣ ਅਤੇ ਸਮਝਣ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਹਰ ਸੜਕ ਉਪਰ 100 ਮੀਟਰ ਦੇ ਅੰਦਰ ਅਤੀ ਮਾਡਰਨ ਵਾਇਰਲੈਸ ਦਾ ਪ੍ਰਬੰਧ ਹੈ। ਇਸ ਉਲੰਪਿਕਸ ਉਪਰ ਪਿਛਲੀਆਂ ਏਥਨਜ਼ ਦੀਆਂ ਉਲੰਪਿਕਸ ਨਾਲੋਂ 4 ਗੁਣਾ ਜ਼ਿਆਦਾ ਖਰਚ ਕੀਤਾ ਜਾ ਚੁੱਕਿਆ ਹੈ। ਪਰ ਚੀਨ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਇੱਕ ਸੰਸਥਾ ਕੰਮ ਕਰ ਰਹੀ ਹੈ ਜੋ ਇਨ੍ਹਾਂ ਖੇਡਾਂ ਉਪਰ ਕੀਤੇ ਖਰਚ ਦਾ ਵਿਰੋਧ ਕਰ ਰਹੀ ਹੈ। ਤਿੱਬਤ ਅਤੇ ਜਿੰਮਆਂਗ ਸੂਬਿਆਂ ਵਿੱਚ ਸਰਕਾਰ ਵਿਰੋਧੀ ਅੰਦੋਲਨ ਹੀ ਨਹੀਂ, ਸਗੋਂ ਬਗਾਵਤ ਚੱਲ ਰਹੀ ਹੈ ਪਰ ਚੀਨ ਵਿੱਚ ਪਬਲਿਕ ਮੁਜ਼ਾਹਰਿਆਂ ਦੀ ਮਨਾਹੀ ਹੈ। ਪਰ ਖੇਡਾਂ ਦੇ ਸਮੇਂ ਇਹ ਵਿਰੋਧੀ ਅਨਸਰ ਜ਼ਰੂਰ ਹੀ ਕੁਝ ਐਸੀਆਂ ਕਾਰਵਾਈਆਂ ਕਰਨਗੇ, ਜਿਸ ਨਾਲ ਚੀਨ ਦੀ ਅੰਦਰੂਨੀ ਅਸਲੀਅਤ ਦਾ ਪਤਾ ਚੱਲੇ। ਜੇਕਰ ਸਰਕਾਰ ਜ਼ਿਆਦਾ ਸਖ਼ਤੀ ਕਰੇਗੀ, ਤਾਂ ਵੀ ਖੇਡਾਂ ਦਾ ਸੁਆਦ ਖਰਾਬ ਹੋ ਜਾਵੇਗਾ। ਸਿਆਸੀ ਕਾਰਵਾਈਆਂ ਕਾਰਨ ਚੀਨ ਸਰਕਾਰ ਇਨ੍ਹਾਂ ਖੇਡਾਂ ਵਿੱਚ ਮੁਸ਼ਕਿਲ ਵਿੱਚ ਆ ਜਾਵੇਗੀ ਪਰ ਸਰਕਾਰ ਜ਼ਰੂਰ ਹੀ ਕੁਝ ਐਸੇ ਕਦਮ ਚੁੱਕੇਗੀ, ਜਿਸ ਨਾਲ ਚੀਨ ਦੇ ਸਮਾਜ ਵਿੱਚ ਬਾਹਰ ਆ ਰਹੀ ਬਗਾਵਤ ਦਾ ਪਤਾ ਨਾ ਲੱਗੇ। ਜੇਕਰ ਅਸੀਂ ਸਿਆਸੀ ਮੁਜ਼ਾਹਰਿਆਂ ਨੂੰ ਇੱਕ ਪਾਸੇ ਹੀ ਛੱਡ ਦੇਈਏ ਤਾਂ ਇਸ ਸ਼ਹਿਰ ਵਿੱਚ ਚੁਗਿਰਦੇ ਸਬੰਧੀ ਖਤਰਨਾਕ ਸਮੱਸਿਆ ਹੈ ਕਿਉਂਕਿ ਬੀਜਿੰਗ ਨੂੰ ਚੁਗਿਰਦੇ ਜਾਂ ਗੰਦਗੀ ਸਬੰਧੀ ਕੁੱਲ ਸੰਸਾਰ ਵਿੱਚ 16ਵੀਂ ਥਾਂ ਮਿਲੀ ਹੈ।

ਜੋ ਇੱਕ ਬਹੁਤ ਹੀ ਖਤਰਨਾਕ ਆਂਕੜਾ ਹੈ, ਜਿਸ ਸਬੰਧੀ ਉਲੰਪਿਕਸ ਕਮੇਟੀ ਦੇ ਪ੍ਰਧਾਨ ਜੇਕਸ ਰੋਗ ਪਹਿਲਾਂ ਹੀ ਚੀਨ ਦੀ ਸਰਕਾਰ ਨੂੰ ਚੇਤਾਵਨੀ ਦੇ ਚੁੱਕੇ ਹਨ। ਜੇਕਰ 8 ਅਗਸਤ ਤੱਕ ਬੀਜਿੰਗ ਦੇ ਚੁਗਿਰਦੇ ਅਤੇ ਗੰਦੇ ਵਾਤਾਵਰਣ ਨੂੰ ਸੰਭਾਲਿਆ ਗਿਆ ਤਾਂ ਇਸ ਗੱਲ ਦੀ ਸ਼ੱਕ ਹੈ ਕਿ ਸੰਸਾਰ ਦੇ ਅਨੇਕ ਖਿਡਾਰੀ ਇਨ੍ਹਾਂ ਖੇਡਾਂ ਵਿੱਚ ਹਿੱਸਾ ਹੀ ਨਾ ਲੈਣ ਅਤੇ ਅਨੇਕ ਖੇਡਾਂ ਦੀ ਥਾਂ ਹੀ ਬਦਲਣੀ ਪਵੇ। ਬੀਜਿੰਗ ਸ਼ਹਿਰ ਦੀ ਮਿਉਂਸਪਲ ਨੂੰ ਇਸ ਦੀ ਜ਼ਿੰਮੇਵਾਰੀ ਲਗਾਈ ਗਈ ਹੈ ਜੋ ਲੱਖਾਂ ਟਨ ਗੰਦਾ ਕੂੜਾ ਕਰਕਟ ਸੈਂਕੜੇ ਮੀਲ ਦੂਰ ਜਾ ਕੇ ਦਬਾ ਰਹੀ ਹੈ। ਸ਼ਹਿਰ ਦੀਆਂ ਕੋਇਲੇ ਵਾਲੀ ਫੈਕਟਰੀਆਂ ਨੂੰ ਮਾਰਚ ਤੋਂ ਅਗਸਤ ਤੱਕ ਬੰਦ ਰੱਖਿਆ ਜਾਵੇਗਾ ਜਾਂ ਉਨ੍ਹਾਂ ਨੂੰ ਸੈਂਕੜੇ ਮੀਲ ਦੂਰ ਸ਼ਿਫਟ ਕਰ ਦਿੱਤਾ ਜਾਵੇਗਾ। ਚੁਗਿਰਦੇ ਦੇ ਸਬੰਧ ਵਿੱਚ ਖੇਡਾਂ ਲਈ ਚੀਨ ਜੋ ਕੁਝ ਬੀਜਿੰਗ ਵਿੱਚ ਕਰਨ ਜਾ ਰਿਹਾ ਹੈ ਉਸ ਦਾ ਕੋਈ ਲੰਬੇ ਸਮੇਂ ਲਈ ਲਾਭ ਨਹੀਂ ਪਹੁੰਚੇਗਾ, ਕਿਉਂਕਿ ਫੈਕਟਰੀਆਂ ਨੂੰ ਕਾਫੀ ਹਫਤੇ ਪਹਿਲਾਂ ਹੀ ਬੰਦ ਕੀਤਾ ਜਾਵੇਗਾ ਅਤੇ ਲੱਖਾਂ ਹੀ ਉਨ੍ਹਾਂ ਗੱਡੀਆਂ ਦੀ ਆਮਦ ਬੀਜਿੰਗ ਵਿੱਚ ਰੋਕੀ ਜਾਵੇਗੀ, ਜਿਨ੍ਹਾਂ ਤੋਂ ਧੂੰਆਂ ਜ਼ਿਆਦਾ ਨਿਕਲਦਾ ਹੋਵੇ। ਕੇਵਲ ਖਿਡਾਰੀਆਂ ਲਈ ਹੀ ਧੂੰਆਂ ਰਹਿਤ ਗੱਡੀਆਂ ਸ਼ਹਿਰ ਵਿੱਚ ਘੁੰਮਣਗੀਆਂ। ਬਨਾਵਟੀ ਮੌਸਮ ਤਿਆਰ ਕੀਤਾ ਜਾਵੇਗਾ। ਕੁਝ ਐਸੇ ਕੈਮੀਕਲ ਦੀ ਮੱਦਦ ਨਾਲ ਐਸਾ ਧੂੰਆਂ ਤਿਆਰ ਕੀਤਾ ਜਾਵੇਗਾ ਕਿ 6 ਅਗਸਤ ਤੋਂ 25 ਅਗਸਤ ਤੱਕ ਕਿਸੇ ਵੀ ਕਿਸਮ ਦੀ ਬਾਰਸ਼ ਨਹੀਂ ਹੋਣ ਦੇਵੇਗਾ। ਖੇਡਾਂ ਦੌਰਾਨ ਮੌਸਮ ਬਿਲਕੁਲ ਸਾਫ ਰਹੇਗਾ, ਜੋ ਉਲੰਪਿਕਸ ਖੇਡਾਂ ਦੇ ਇਤਿਹਾਸ ਵਿੱਚ ਪਹਿਲਾ ਮੌਕਾ ਹੋਵੇਗਾ, ਜਿਸ ਵਿੱਚ ਮੌਸਮ ਬਿਲਕੁਲ ਹੀ ਕਿਸੇ ਵੀ ਕਿਸਮ ਦੀ ਖਰਾਬੀ ਨਹੀਂ ਕਰ ਸਕੇਗਾ।

ਬੀਜਿੰਗ ਦੀਆਂ ਖੇਡਾਂ ਬਿਲਕੁਲ ਅਲੱਗ ਹੀ ਅੰਦਾਜ਼ ਵਿੱਚ ਕਰਵਾਈਆਂ ਜਾਣਗੀਆਂ, ਜੋ ਆਪਣੇ-ਆਪ ਵਿੱਚ ਇੱਕ ਮਿਸਾਲ ਸਾਬਤ ਹੋਣਗੀਆਂ ਪਰ ਇਨ੍ਹਾਂ ਕਾਰਗੁਜ਼ਾਰੀਆਂ ਲਈ ਕੇਵਲ ਚੀਨ ਦੇਸ਼ ਨੂੰ ਸਿਹਰਾ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਕੌਮਾਂਤਰੀ ਉਲੰਪਿਕਸ ਕਮੇਟੀ ਵੱਲੋਂ ਦਿਲ ਖੋਲ੍ਹ ਕੇ ਮੱਦਦ ਕੀਤੀ ਜਾ ਰਹੀ ਹੈ। ਜੇਕਰ ਚੀਨ ਨੇ ਬੇਮਿਸਾਲ ਆਰਥਿਕ ਵਿਕਾਸ ਕੇਵਲ 30 ਸਾਲਾਂ ਵਿੱਚ ਹੀ ਕੀਤਾ ਹੈ ਤਾਂ ਉਸ ਨੂੰ ਸਮਾਜਿਕ ਚੁਗਿਰਦੇ ਲਈ ਅਸੀਮ ਕੀਮਤ ਵੀ ਚੁਕਾਉਣੀ ਪਈ ਹੈ ਕਿਉਂਕਿ ਵਿਕਾਸ ਦੀ ਰਫਤਾਰ ਨਾਲ ਚੁਗਿਰਦੇ ਨੂੰ ਬਹੁਤ ਹੀ ਨੁਕਸਾਨ ਪਹੁੰਚਿਆ ਹੈ। ਵਰਲਡ ਬੈਂਕ ਦੀ ਸਾਲ 2006 ਦੀ ਇੱਕ ਰਿਪੋਰਟ ਅਨੁਸਾਰ ਸੰਸਾਰ ਦੇ 20 ਗੰਦਿਆਂ ਸ਼ਹਿਰਾਂ ਵਿੱਚ 16 ਕੇਵਲ ਚੀਨ ਦੇਸ਼ ਵਿੱਚ ਸਥਿਤ ਹਨ, ਜਿਸ ਨਾਲ ਚੀਨ ਦੇ ਕੁਲ ਬੱਜਟ ਦਾ 3.8 ਪ੍ਰਤੀਸ਼ਤ ਹਿੱਸਾ ਕੇਵਲ ਚੁਗਿਰਦੇ ਦੀ ਸਫਾਈ ਲਈ ਹੀ ਲੱਗਦਾ ਹੈ ਜਦੋਂ ਕਿ ਚੀਨ ਵਿੱਚ ਵਿੱਦਿਆ ਲਈ 7.8 ਪ੍ਰਤੀਸ਼ਤ ਬਜਟ ਰੱਖਿਆ ਜਾਂਦਾ ਹੈ। ਚੀਨ ਵਿੱਚ ਪਾਣੀ ਦੀ ਸਮੱਸਿਆ ਸਭ ਤੋਂ ਗੰਭੀਰ ਹੈ। ਚੀਨ ਦੇਸ਼ ਦੀ ਕਈ ਏਜੰਸੀਆਂ ਖੁਦ ਮੰਨਦੀਆਂ ਹਨ ਕਿ ਚੀਨ ਦੇ ਸਾਰੇ ਹੀ ਦਰਿਆਵਾਂ ਅਤੇ ਝੀਲਾਂ ਦਾ 70 ਪ੍ਰਤੀਸ਼ਤ ਪਾਣੀ ਗੰਦਾ ਹੋ ਚੁੱਕਿਆ ਹੈ ਅਤੇ ਇਸ ਪਾਣੀ ਦਾ 30 ਪ੍ਰਤੀਸ਼ਤ ਫਸਲਾਂ ਅਤੇ ਖੇਤੀਬਾੜੀ ਲਈ ਬਹੁਤ ਹੀ ਖਤਰਨਾਕ ਹੈ। ਕੁੱਲ ਪਾਣੀ ਦਾ ਤੀਸਰਾ ਹਿੱਸਾ ਜ਼ਹਿਰੀਲਾ ਹੋ ਚੁੱਕਿਆ ਹੈ। ਮਾਰਚ 2008 ਵਿੱਚ ਸਰਕਾਰੀ ਅਫਸਰਾਂ ਦੀਆਂ ਵੱਡੇ ਪੱਧਰ ਉਪਰ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਅਹਿਮ ਅਹੁਦਿਆਂ ਉਪਰ ਆਪਣੇ ਚਹੇਤਿਆਂ ਨੂੰ ਨਿਯੁਕਤ ਕਰੇਗੀ ਤਾਂ ਕਿ ਸਰਕਾਰ ਦੀ ਦੇਸ਼ ਉੱਪਰ ਪਕੜ ਮਜ਼ਬੂਤ ਹੋ ਸਕੇ। ਚੁਗਿਰਦਾ ਸੰਭਾਲ ਸਰਕਾਰ ਵਾਸਤੇ ਬਹੁਤ ਵੱਡਾ ਚੈਲੰਜ ਬਣਿਆ ਹੈ। ਜਦੋਂ ਕਿ ਸਰਕਾਰ ਆਰਥਿਕ ਵਿਕਾਸ ਦੀ ਰਫਤਾਰ ਹੋਰ ਜ਼ਿਆਦਾ ਤੇਜ ਕਰਨਾ ਚਾਹੁੰਦੀ ਹੈ। ਚੀਨ ਸਰਕਾਰ ਲਈ ਹੋਰ ਵਧ ਰਹੀਆਂ ਮੁਸ਼ਕਿਲਾਂ ਵਿੱਚ ਪੇਂਡੂ ਸ਼ਹਿਰੀ ਵਿਕਾਸ ਦਾ ਪਾੜਾ ਘੱਟ ਕਰਨਾ, ਪੇਂਡੂ-ਸ਼ਹਿਰੀ ਅਫਸਰਾਂ ਦੀ ਸੋਚਣੀ ਵਿੱਚ ਬਰਾਬਰੀ ਲਿਆਉਣਾ, ਅਸਮਾਨ ਛੂਹਦੀਆਂ ਕੀਮਤਾਂ ਉਪਰ ਰੋਕ, ਰਿਸ਼ਵਤ ਰਾਜ ਉਪਰ ਕਾਬੂ, ਤਾਇਵਾਨ ਚੀਨ ਸਿਆਸੀ ਸਬੰਧ ਅਤੇ ਸਮਾਜਵਾਦ ਦੀ ਮੋਹਰ ਨੂੰ ਵੀ ਸੰਭਾਲ ਕੇ ਰੱਖਣਾ ਸ਼ਾਮਲ ਹੈ।

ਚੀਨ ਦੇਸ਼ ਦੀ ਸਮਾਜਵਾਦੀ ਪਾਰਟੀ ਦੀ ਹਰ ਕੋਸ਼ਿਸ਼ ਹੈ ਕਿ ਚੀਨ ਵਿੱਚ ਵੀ ਇੱਕ ਐਸਾ ਲੋਕਤੰਤਰ ਤਿਆਰ ਕੀਤਾ ਜਾਵੇ, ਜਿਸ ਦੇ ਆਪਣੇ ਹੀ ਅਲੱਗ ਲੱਛਣ ਹੋਣ ਕਿਉਂਕਿ ਚੀਨ ਵਿੱਚ ਅੱਜ ਤੱਕ ਕੇਵਲ ਇੱਕ ਪਾਰਟੀ ਰਾਜ ਹੀ ਚਲਦਾ ਆ ਰਿਹਾ ਹੈ, ਲੋਕਤੰਤਰ ਅਤੇ ਇੱਕ ਪਾਰਟੀ ਰਾਜ ਨਾਲ ਕਿਵੇਂ ਸਮਝੌਤਾ ਕੀਤਾ ਜਾਵੇ। ਇਹ ਅਹਿਮ ਮਸਲਾ ਹੈ ਜਿਸ ਨਾਲ ਚੀਨ ਦਾ ਭਵਿੱਖ ਜੋੜਿਆ ਜਾਵੇਗਾ। ਉਲੰਪਿਕਸ ਇਤਿਹਾਸ ਵਿੱਚ ਚੀਨ ਹੀ ਇੱਕ ਐਸਾ ਦੇਸ਼ ਹੈ, ਜਿਸ ਵੱਲ ਹਰ ਦੇਸ਼ ਅਤੇ ਉਸ ਦੇ ਖਿਡਾਰੀਆਂ ਦੀਆਂ ਨਜ਼ਰਾਂ ਟਿਕੀਆਂ ਹਨ, ਇੰਜ ਲੱਗਦਾ ਹੈ ਕਿ ਚੀਨ ਵਿੱਚ ਹੋ ਰਹੀਆਂ ਖੇਡਾਂ ਪੂਰੇ ਇਤਿਹਾਸ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਣਗੀਆਂ।

ਆਓ ਪ੍ਰਸ਼ੰਸਾ ਕਰੀਏ

ਆਪਣੀ ਤਾਰੀਫ ਸੁਣ ਕੇ ਹਰ ਇੱਕ ਦਾ ਮਨ ਖਿੜ ਉੱਠਦਾ ਹੈ, ਰੂਹ ਨਸ਼ਿਆ ਜਾਂਦੀ ਹੈ। ਪ੍ਰਸ਼ੰਸਾ ਹੋਣ ਵੇਲੇ ਆਦਮੀ ਸੱਤਵੇਂ ਅਸਮਾਨ ਵਿੱਚ ਉੱਡਦਾ ਮਹਿਸੂਸ ਕਰਦਾ ਹੈ। ਕਿਸੇ ਦੀ ਸੱਚੇ ਮਨੋਂ ਕੀਤੀ ਤਾਰੀਫ ਦਾ ਅਸਰ ਜਾਦੂ ਵਾਂਗ ਹੁੰਦਾ ਹੈ ਤੇ ਆਦਮੀ ਨੂੰ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਨਾ ਮਿਲਦੀ ਹੈ। ਪ੍ਰਸ਼ੰਸਾ ਹਰ ਆਦਮੀ ਲਈ ਹਰ ਉਮਰ ਵਿੱਚ ਰੂਹ ਦੀ ਖੁਰਾਕ ਹੈ। ਇਹ ਖੁਰਾਕ ਵੱਧ-ਘੱਟ ਮਿਲਣ ਨਾਲ ਕਈ ਵਿਗਾੜ ਆ ਜਾਂਦੇ ਹਨ। ਜੇ ਯੋਗ ਤੇ ਮਿਹਨਤੀ ਵਿਅਕਤੀ ਦੀ ਪ੍ਰਸ਼ੰਸਾ ਮੌਕੇ ਅਨੁਸਾਰ ਨਾ ਕੀਤੀ ਜਾਵੇ ਤਾਂ ਉਹ ਅਧਮੋਇਆ ਜਿਹਾ ਹੋ ਜਾਂਦਾ ਹੈ। ਪ੍ਰਸ਼ੰਸਾ ਇੱਕ ਅਜਿਹੀ ਦਵਾਈ ਹੈ, ਜੋ ਬਹੁਤ ਸਾਰੇ ਰੋਗਾਂ ਦਾ ਇਲਾਜ ਮੁਫਤ ਕਰ ਦਿੰਦੀ ਹੈ।

ਪ੍ਰਸ਼ੰਸਾ ਅਜਿਹੀ ਭਾਵਨਾ ਹੈ, ਜੋ ਸੁੰਦਰ ਤੇ ਪਿਆਰਾ ਕੰਮ ਵੇਖ ਕੇ ਆਪ ਮੁਹਾਰੇ ਮੂੰਹੋਂ ਨਿਕਲਦੀ ਹੈ। ਤਰੋਤਾਜ਼ਾ ਰੰਗ ਬਿਰੰਗੇ ਫੁੱਲ, ਤਿਤਲੀਆਂ ਦੇ ਵੱਖ-ਵੱਖ ਡਿਜ਼ਾਇਨ ਅਕਾਰ ਤੇ ਰੰਗ, ਸਵੇਰੇ ਪਹਾੜਾਂ ਵਿੱਚੋਂ ਨਿਕਲਦਾ ਸੂਰਜ, ਝਰਨਿਆਂ ਵਿੱਚ ਵਗਦਾ ਸਾਫ ਠੰਡਾ ਪਾਣੀ ਆਦਿ ਵੇਖ ਕੇ ਕੁਦਰਤ ਦੀ ਤਾਰੀਫ ਆਪਣੇ-ਆਪ ਹੋ ਜਾਂਦੀ ਹੈ। ਅੱਜ ਦੀ ਨੱਠ-ਭੱਜ ਵਾਲੀ ਜ਼ਿੰਦਗੀ ਵਿੱਚ ਬਹੁਤ ਘੱਟ ਇਨਸਾਨ ਕਿਸੇ ਦੂਸਰੇ ਦੀ ਤਾਰੀਫ ਕਰਦੇ ਹਨ। ਕਾਹਲੀ ਵਿੱਚ ਚੰਗੇ-ਮਾੜੇ, ਸੋਹਜ-ਕੋਹਜ ਜਾਂ ਖੂਬਸੂਰਤ ਤੇ ਬਦਸੂਰਤ ਵਿੱਚ ਫਰਕ ਪਛਾਣਨ ਦੀ ਸ਼ਕਤੀ ਗਵਾ ਬੈਠੇ ਹਨ। ਸਵਾਸਥ ਅਧੀਨ ਆਪਣੇ ਅਫਸਰ ਨੇਤਾ ਜਾਂ ਕਿਸੇ ਲਿਹਾਜੀ ਦੀ ਐਵੇਂ ਸਿਫਤ ਕਰੀ ਜਾਂਦੇ ਹਨ, ਪਰ ਵਧੀਆ ਕੰਮ ਕਰਨ ਵਾਲਾ ਜੇ ਜਾਣਦਾ ਨਹੀਂ ਤਾਂ ਸਾਨੂੰ ਕੀ?

ਦਫਤਰਾਂ ਵਿੱਚ ਆਮ ਰਿਵਾਇਤ ਹੈ ਕਿ ਅਫਸਰ ਹਰ ਵੇਲੇ ਆਪਣੀ ਪ੍ਰਸ਼ੰਸਾ ਸੁਣਨ ਲਈ ਉਤਸੁਕ ਰਹਿੰਦੇ ਹਨ, ਪਰ ਆਪਣੇ ਕਰਮਚਾਰੀਆਂ ਦੀ ਸਿਫਤ ਬਹੁਤ ਘੱਟ ਕਰਦੇ ਹਨ। ਉਨ੍ਹਾਂ ਨੂੰ ਮਿਹਨਤੀ ਕਰਮਚਾਰੀਆਂ ਬਾਰੇ ਦੋ ਸ਼ਬਦ ਚੰਗੇ ਬੋਲਣੇ ਔਖੇ ਲੱਗਦੇ ਹਨ। ਜਿਹੜੇ ਸਿਆਣੇ ਅਫਸਰਾਂ ਨੂੰ ਤਾਰੀਫ ਦੇ ਅਸਰ ਦਾ ਪਤਾ ਹੁੰਦਾ ਹੈ, ਉਹ ਚੰਗੇ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਪ੍ਰਸ਼ੰਸਾ ਕਰਕੇ ਦੁੱਗਣਾ ਕੰਮ ਵੀ ਲੈ ਲੈਂਦੇ ਹਨ ਅਤੇ ਦਫਤਰ ਦਾ ਮਾਹੌਲ ਵੀ ਸ਼ਾਂਤੀ ਵਾਲਾ ਬਣਾਈ ਰੱਖਦੇ ਹਨ। ਪ੍ਰਸ਼ੰਸਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ ਹੁੰਦੀ, ਸਗੋਂ ਸਿੱਖਣੀ ਪੈਂਦੀ ਹੈ। ਹਾਂ-ਪੱਖੀ ਸੋਚ ਵਾਲਾ ਅਫਸਰ ਆਦਮੀ ਦਾ ਕੋਈ ਨਾ ਕੋਈ ਚੰਗਾ ਗੁਣ ਲੱਭ ਕੇ ਉਸਦੀ ਪ੍ਰਸ਼ੰਸਾ ਕਰੇਗਾ ਤੇ ਨੁਕਸ ਦੂਰ ਕਰਨ ਲਈ ਪ੍ਰੇਰਣਾ ਦੇਵੇਗਾ। ਕੇਵਲ ਨੁਕਤਾਚੀਨੀ ਹੀ ਆਦਮੀ ਨੂੰ ਨਹੀਂ ਸੁਧਾਰਦੀ ਸਗੋਂ ਪ੍ਰਸ਼ੰਸਾ ਤੇ ਹੌਂਸਲਾ ਵੀ ਵਧੀਆ ਨਤੀਜੇ ਲਿਆਉਂਦਾ ਹੈ। ਆਮ ਤੌਰ ਤੇ ਇਸਤਰੀਆਂ ਅਤੇ ਬੱਚਿਆਂ ਦੀ ਥੋੜ੍ਹੀ ਜਿੰਨੀ ਤਾਰੀਫ ਵੀ ਉਨ੍ਹਾਂ ਵਿੱਚ ਬਹੁਤ ਵੱਡੀ ਤਬਦੀਲੀ ਲੈ ਆਉਂਦੀ ਹੈ। ਬਿਨਾਂ ਗੁਣ ਤੋਂ ਕੀਤੀ ਪ੍ਰਸ਼ੰਸਾ, ਆਦਮੀ ਵਿੱਚ ਵਿਗਾੜ ਲਿਆ ਦਿੰਦੀ ਹੈ। ਗਲਤੀਆਂ ਸਭ ਤੋਂ ਹੁੰਦੀਆਂ ਹਨ, ਪਰ ਜੇ ਪਿਆਰ ਨਾਲ ਸਮਝਾ ਕੇ ਉਹਦੇ ਔਗੁਣ ਦੂਰ ਕਰਨ ਦੀ ਪ੍ਰੇਰਣਾ ਦੇਈਏ ਤਾਂ ਉਹ ਪ੍ਰਸ਼ੰਸਾ ਦਾ ਪਾਤਰ ਬਣ ਜਾਂਦਾ ਹੈ। ਪ੍ਰਸ਼ੰਸਾ ਵਿੱਚ ਰਹਿਣ ਵਾਲੇ ਦੇ ਨੈਣ-ਨਕਸ਼ ਕੋਮਲ ਸਾਫ ਸੁੱਥਰੇ, ਤਿੱਖੇ ਅਤੇ ਦਿਲਕਸ਼ ਬਣ ਜਾਂਦੇ ਹਨ। ਉਸਦਾ ਮਨ ਸ਼ਾਂਤ, ਸਥਿਰ ਤੇ ਖੁਸ਼ ਰਹਿੰਦਾ ਹੈ। ਆਪਣੇ ਆਪ ਦੀ ਪ੍ਰਸ਼ੰਸਾ ਹਰ ਰੋਜ਼ ਕਰਨੀ ਸ਼ੁਰੂ ਕਰ ਦਿਓ ਤਾਂ ਤੁਹਾਡੇ ਪਹਿਰਾਵੇ ਵਿੱਚ, ਵਰਤਾਵ ਵਿੱਚ, ਤੋਰ ਵਿੱਚ ਅਤੇ ਸ਼ਬਦਾਂ ਵਿੱਚ ਹੈਰਾਨੀਜਨਕ ਵਧੀਆ ਤਬਦੀਲੀ ਆ ਜਾਵੇਗੀ। ਆਤਮ-ਵਿਸ਼ਵਾਸ ਵਾਲੇ ਲੋਕ ਪ੍ਰਸ਼ੰਸਾ ਘੱਟ ਚਾਹੁੰਦੇ ਹਨ, ਪਰ ਸੁਧਾਰ ਹਰ ਰੋਜ਼ ਕਰਦੇ ਰਹਿੰਦੇ ਹਨ। ਕਈ ਵਾਰ ਸਾਨੂੰ ਪਤਾ ਹੁੰਦੈ ਕਿ ਦੂਜਾ ਆਦਮੀ ਸਾਡੀ ਵਾਧੂ ਤੇ ਝੂਠੀ ਪ੍ਰਸ਼ੰਸਾ ਕਰ ਰਿਹਾ ਹੈ, ਪਰ ਅਸੀਂ ਉਸਨੂੰ ਟੋਕ ਕੇ ਉਸਦਾ ਤੇ ਆਪਣਾ ਮਜ਼ਾ ਕਿਰਕਿਰਾ ਨਹੀਂ ਕਰਦੇ। ਕਈ ਤਿੱਕੜਮਬਾਜ ਲੋਕਾਂ ਦੀ ਇਹ ਚਾਲ ਹੀ ਹੁੰਦੀ ਹੈ ਕਿ ਝੂਠੀ-ਮੂਠੀ ਪ੍ਰਸ਼ੰਸਾ ਕਰਕੇ ਆਪਣਾ ਕੰਮ ਕੱਢਦੇ ਬਣੋ।

ਅਜਿਹੇ ਝੂਠੇ ਚਾਪਲੂਸਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਪ੍ਰਸ਼ੰਸਾ ਦਾ ਅਸਰ ਤਾਂ ਪਸ਼ੂ-ਪੰਛੀਆਂ ਅਤੇ ਸਾਡੇ ਆਲੇ-ਦੁਆਲੇ ਦੇ ਵਾਤਾਵਰਣ ਤੇ ਵੀ ਪੈਂਦਾ ਹੈ। ਪ੍ਰਸ਼ੰਸਾ ਕਰਨ ਵਾਲੇ ਦਾ ਆਲਾ-ਦੁਆਲਾ ਸਾਫ ਸੁਥਰਾ ਅਤੇ ਮਨਮੋਹਕ ਲੱਗੇਗਾ। ਪ੍ਰਸ਼ੰਸਾ ਕਰਨ ਵੇਲੇ ਪਿਆਰ ਸ਼ਾਮਲ ਹੋ ਜਾਂਦਾ ਹੈ ਅਤੇ ਜਿਸ ਪਸ਼ੂ ਦੀ ਪ੍ਰਸ਼ੰਸਾ ਕਰੋਗੇ ਉਸਦੇ ਲਈ ਪਿਆਰ ਵਿੱਚ ਉੱਠਿਆ ਹੱਥ ਉਸਦੇ ਸਿਰ ਜਾਂ ਪਿੱਠ ਤੇ ਜਦੋਂ ਘੁੰਮੇਗਾ ਤਾਂ ਉਹ ਵਾਰ-ਵਾਰ ਤੁਹਾਡਾ ਇੰਤਜ਼ਾਰ ਕਰੇਗਾ। ਤੁਹਾਨੂੰ ਵੇਖ ਕੇ ਪੂਛ ਹਿਲਾ ਕੇ ਸਿਰ ਮਾਰ ਕੇ ਜਾਂ ਰੰਭ ਕੇ ਬੁਲਾਏਗਾ। ਪਸ਼ੂ ਪਿਆਰ ਦੀ ਭਾਸ਼ਾ ਖੂਬ ਸਮਝਦੇ ਹਨ। ਅਸੀਂ ਭਾਸ਼ਾ ਕੋਈ ਵੀ ਬੋਲੀਏ, ਜਿੱਥੇ ਇਨਸਾਨਾਂ ਵਿੱਚ ਪਿਆਰ, ਪ੍ਰਸ਼ੰਸਾ ਤੇ ਦੁੱਖ ਸੁੱਖ ਵੰਡਣ ਦੀ ਭਾਵਨਾ ਹੈ, ਉੱਥੇ ਕੁੱਤਾ, ਬਿੱਲੀ, ਮੁਰਗੇ, ਖਰਗੋਸ਼ ਆਦਿ ਸਾਰੇ ਇਕੱਠੇ ਘਰ ਵਿੱਚ ਰਹਿ ਕੇ ਖੁਸ਼ ਹਨ। ਜੇ ਆਦਮੀ, ਆਦਮੀ ਦਾ, ਜਾਨਵਰਾਂ ਦਾ ਦੁੱਖ-ਸੁੱਖ ਸਮਝਣ ਲੱਗ ਪਵੇ ਤਾਂ ਸਵਰਗ ਇੱਥੇ ਹੀ ਹੈ। ਅੱਜ ਦੀ ਸਵਾਰਥ ਭਰੀ ਜ਼ਿੰਦਗੀ ਵਿੱਚ ਮੂਹਰੇ ਹੋਣ ਦੀ ਕਾਹਲ ਨੇ ਪ੍ਰਸ਼ੰਸਾ, ਪਿਆਰ, ਸਤਿਕਾਰ ਤੇ ਕੁਰਬਾਨੀ ਵਰਗੇ ਸ਼ਬਦ ਗਵਾ ਦਿੱਤੇ ਹਨ। ਆਓ! ਜ਼ਿੰਦਗੀ ਦੀ ਰਫਤਾਰ ਰਤਾ ਕੁ ਮੱਠੀ ਕਰੀਏ, ਸਵਾਰਥ ਥੋੜ੍ਹਾ ਘਟਾਈਏ, ਕੁਦਰਤ ਦੀ ਪ੍ਰਸ਼ੰਸਾ ਕਰੀਏ ਤਾਂ ਜੋ ਸਾਰਿਆਂ ਲਈ ਜ਼ਿੰਦਗੀ ਵਧੀਆ ਬਣ ਜਾਵੇ।

-ਗੁਰਦਰਸ਼ਨ ਸਿੰਘ ਮਾਵੀ

ਭੇਦ ਭਰਿਆ ਪ੍ਰਗਟਾਵਾ

- ਉਜਾਗਰ ਸਿੰਘ

ਮੈਂ ਇਸ ਮਹਾਨ ਪਵਿੱਤਰ ਹਸਤੀ, ਜਿਸ ਨੂੰ ਹਿੰਦੂ ਰਾਮ ਜਾਂ ਭਗਵਾਨ ਅਤੇ ਮੁਸਲਮਾਨ ਭਰਾ ਅੱਲਾ ਅਤੇ ਸਿੱਖ ਵੀਰ ਵਾਹਿਗੁਰੂ ਕਹਿੰਦੇ ਹਨ ਅਤੇ ਨਿਰੰਕਾਰੀ ਨਿਰੰਕਾਰ ਕਹਿੰਦੇ ਹਨ, ਦੀ ਕਸਮ ਖਾਂਦਾ ਹਾਂ ਕਿ ਜੋ ਕੁਝ ਅੱਖਾਂ ਨਾਲ ਵੇਖਿਆ ਹੈ, ਉਹ ਬਿਲਕੁਲ ਸੱਚ ਲਿਖ ਰਿਹਾ ਹਾਂ। ਫਿਰ ਵੀ ਜਿਸ ਸੰਸਥਾ ਨੂੰ ਮੇਰੇ 'ਤੇ ਇਤਬਾਰ ਨਾ ਆਵੇ, ਉਹ ਭਰੀ ਸੰਗਤ ਵਿੱਚ ਮੇਰੇ ਪਾਸੋਂ ਮਨਮਰਜ਼ੀ ਦੀ ਕਸਮ ਲੈ ਸਕਦਾ ਹੈ। ਜਿੱਥੇ ਇਨ੍ਹਾਂ ਨਿਰੰਕਾਰੀਆਂ ਨੇ ਗੁਰਬਚਨ ਦੇ ਹੇਠਾਂ ਬਹਿ ਕੇ ਸਤਸੰਗ ਕਰਨਾ ਸੀ ਉੱਥੇ ਮੈਂ ਖੁਦ ਮੌਜੂਦ ਸੀ। ਮੇਰੇ ਸਾਹਮਣੇ ਐਸ.ਡੀ.ਓ. (ਬਿਜਲੀ) ਵਾਸਦੇਵ ਸਿੰਘ, ਮੰਡੀ ਗੋਬਿੰਦਗੜ੍ਹ, ਜਿਹੜੇ ਕਿ ਨਿਰੰਕਾਰੀ ਹਨ ਅਤੇ ਗੁਰਬਚਨ ਦੀ ਭੈਣ ਰਾਜ ਨਾਲ ਵਿਆਹੇ ਹੋਏ ਹਨ, ਨੇ ਸਾਰੇ ਨਿਰੰਕਾਰੀਆਂ ਨੂੰ ਕਿਹਾ ਕਿ ਸਿੱਖ ਹਮਲਾ ਕਰਨ ਲਈ ਆ ਰਹੇ ਹਨ। ਮੈਨੂੰ ਕਿਸੇ ਨਿਰੰਕਾਰੀ ਨੇ ਇਹ ਇਤਲਾਹ ਦਿੱਤੀ ਹੈ ਅਤੇ ਤੁਸੀ ਸਭ ਨਿਰੰਕਾਰੀ ਪੰਡਾਲ ਵਿੱਚ ਜਾ ਕੇ ਬੈਠ ਜਾਓ। ਇਹ ਵਾਸਦੇਵ ਖੁਦ ਵੀ ਪੰਡਾਲ ਵਿੱਚ ਜਾ ਕੇ ਬੈਠ ਗਿਆ ਪ੍ਰੰਤੂ ਇਹ ਝਗੜੇ ਵਿੱਚ ਸ਼ਾਮਲ ਨਹੀਂ ਹੋਇਆ। ਮੈਂ ਵੇਖਿਆ ਕਿ 20-

25 ਸਿੰਘ ਬਾਹਰ ਸੜਕ ਦੇ ਉਪਰ ਪੰਡਾਲ ਤੋਂ ਤਕਰੀਬਨ 400 ਗਜ਼ ਦੂਰ ਖੜ੍ਹੇ ਸਨ ਅਤੇ ਇਹ ਨਾਅਰੇ ਲਗਾ ਰਹੇ ਸਨ : ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ; ਦੇਗ ਤੇਗ ਫਤਹਿ; ਪੰਥ ਕੀ ਜੀਤ; ਬਾਣੀ ਦੀ ਬੇਅਦਬੀ ਕਰਨ ਵਾਲਿਓ ਬਾਜ ਆਉ ਅਤੇ ਇੰਦਰਾ ਕਾਂਗਰਸ ਦੇ ਏਜੰਟੋ ਹੋਸ਼ ਵਿੱਚ ਆਓ, ਲੇਕਿਨ ਉਨ੍ਹਾਂ ਸਿੰਘਾਂ ਨੇ ਕੋਈ ਹਮਲਾ ਨਹੀਂ ਕੀਤਾ। ਉਹ ਬਿਲਕੁਲ ਪੁਰਅਮਨ ਸਨ।

ਮੇਰੀਆਂ ਅੱਖਾਂ ਦੇ ਸਾਹਮਣੇ ਖਾਕੀ ਵਰਦੀ ਪਹਿਨੇ ਹੋਏ ਇੱਕ ਹਜ਼ਾਰ ਦੇ ਕਰੀਬ ਨਿਰੰਕਾਰੀ ਵਲੰਟੀਅਰ ਲਾਲ ਡਾਂਗਾਂ ਅਤੇ ਤਲਵਾਰਾਂ ਨਾਲ ਪ੍ਰਤਾਪ ਸਿੰਘ, ਕਮਾਂਡਰ-ਇਨ-ਚੀਫ਼ ਨਿਰੰਕਾਰੀ ਦੀ ਅਗਵਾਈ ਦੇ ਥੱਲੇ ਸਿੰਘਾਂ ਉੱਤੇ ਹਮਲਾਵਰ ਹੋਏ ਅਤੇ ਨਾਲ ਹੀ ਤੰਬੂਆਂ ਵਿੱਚ ਛੁਪ ਕੇ ਨਿਰੰਕਾਰੀਆਂ ਨੇ ਦੋ ਰਾਈਫ਼ਲਾਂ ਦੇ ਨਾਲ ਫ਼ਾਇਰਿੰਗ ਕੀਤੀ, ਨਾਲ ਹੀ ਪਿਛਲੇ ਪਾਸਿਓਂ ਸਿੰਘਾਂ ਦੇ ਉੱਤੇ ਹੰਝੂ ਗੋਲੇ ਪੁਲੀਸ ਨੇ ਕੁਦਰਤੀ ਛੱਡ ਦਿੱਤੇ। ਸਿੱਖ ਧੋਖਾ ਖਾ ਗਏ ਕਿ ਸਭ ਕੰਮ ਸਾਡੇ ਉਪਰ ਪੁਲੀਸ ਨੇ ਕੀਤਾ ਹੈ। ਉਨ੍ਹਾਂ ਨੇ ਉਸ ਵਕਤ ਕੋਈ ਮੁਕਾਬਲਾ ਨਹੀਂ ਕੀਤਾ। ਫਿਰ ਸਿੱਖ ਮਰ ਵੀ ਗਏ ਅਤੇ ਬੁਰੀ ਤਰ੍ਹਾਂ ਘਾਇਲ ਵੀ ਹੋਏ। ਇਸ ਤੋਂ ਬਾਅਦ ਜਿਹੜੀ ਦੂਸਰੀ ਪਾਰਟੀ ਪਿੱਛੋਂ ਸਿੱਖਾਂ ਦੀ ਸੀ, ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਪੁਲੀਸ ਨਹੀਂ ਹੈ, ਇਹ ਨਿਰੰਕਾਰੀ ਵਲੰਟੀਅਰ ਹਨ ਅਤੇ ਮੁਕਾਬਲਾ ਆਹਮੋ-ਸਾਹਮਣੇ ਹੋਇਆ ਹੈ, ਕਾਫੀ ਜ਼ਖ਼ਮੀ ਹੋਏ ਹਨ ਅਤੇ ਦੋ-ਤਿੰਨ ਨਿਰੰਕਾਰੀ ਮਰੇ ਵੀ ਹਨ ਅਤੇ ਜ਼ਖ਼ਮੀ ਵੀ ਹੋਏ ਹਨ ਅਤੇ ਨਾਲ ਹੀ ਸਿੱਖ, ਇੱਕ-ਦੋ, ਮਰੇ ਵੀ ਹਨ ਅਤੇ ਜ਼ਖ਼ਮੀ ਵੀ ਹੋਏ ਹਨ। ਜੋ ਇੱਕ ਨਿਰੰਕਾਰੀ ਗੋਲੀ ਨਾਲ ਮਰਿਆ ਹੈ ਉਹ ਗੋਲੀ ਪੁਲੀਸ ਦੀ ਫ਼ਾਇਰਿੰਗ ਦੀ ਹੈ ਜਦ ਕਿ ਉਹ ਟਰੱਕ ਵਿੱਚ ਖੜ੍ਹਾ ਸੀ। ਸਿੱਖਾਂ ਕੋਲ ਕੋਈ ਵੀ ਬੰਦੂਕਾਂ ਨਹੀਂ ਸਨ-ਇਹ ਸਭ ਝੂਠ ਹੈ, ਬਰਛੇ ਅਤੇ ਕਿਰਪਾਨਾਂ ਜ਼ਰੂਰ ਸਨ ਅਤੇ ਨਿਰੰਕਾਰੀ ਵਲੰਟੀਅਰ ਮੈਂ ਖ਼ੁਦ ਆਪਣੇ ਕੰਨ ਨਾਲ ਇਹ ਕਹਿੰਦੇ ਸੁਣੇ ਹਨ ਕਿ ਅੱਜ ਅਸੀਂ ਸਾਰੇ ਬਦਲੇ ਲੈ ਕੇ ਰਹਾਂਗੇ, ਪਲਾਨਿੰਗ ਬਹੁਤ ਕਾਮਯਾਬ ਹੈ । ਹੋਇਆ ਵੀ ਸੱਚ ਕਿ ਸਿੱਖਾਂ ਨੂੰ ਚਾਰੇ ਪਾਸਿਓਂ ਘੇਰ ਲਿਆ ਸੀ। ਨਿਰੰਕਾਰੀਆਂ ਦੇ ਇਹ ਵਲੰਟੀਅਰ ਹਿੰਦੁਸਤਾਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਹਨ। ਇਹ ਸਾਰੇ ਹੀ ਟਰੇਨਿੰਗ-ਸ਼ੁਦਾ ਹਨ । ਇਹ ਲੜਾਈ ਨਿਰੰਕਾਰੀਆਂ ਨੇ ਬਕਾਇਦਾ ਸੋਚੀ-ਸਮਝੀ ਸਕੀਮ ਦੇ ਥੱਲੇ ਲੜੀ ਹੈ। ਇਹ ਮਿਸ਼ਨ ਸੰਤ ਮਿਸ਼ਨ ਨਹੀਂ ਹੈ ਬਲਕਿ ਸਿਆਸੀ ਮਿਸ਼ਨ ਹੈ । ਮੈਂ ਇਹਨਾਂ ਵਿੱਚ ਛੇ ਸਾਲ ਤੋਂ ਨਿਰੰਕਾਰੀ ਹਾਂ। ਇਸ ਮਿਸ਼ਨ ਵਿੱਚ ਕਾਂਗਰਸ (ਆਈ) ਦੇ 90 ਫ਼ੀਸਦੀ ਲੋਕ ਹਨ ਅਤੇ ਨਾਲ ਹੀ ਐਸੇ ਮੈਂਬਰ ਵੀ ਹਨ ਜੋ ਕਾਂਗਰਸ ਦੇ ਟਿਕਟ ’ਤੇ ਖੜ੍ਹੇ ਸਨ। ਮੈਂ 1972 ਤੋਂ ਨਿਰੰਕਾਰੀ ਮਿਸ਼ਨ ਦਾ ਮੈਂਬਰ ਚੱਲਿਆ ਆ ਰਿਹਾ ਹਾਂ।

ਮੈਂ ਖ਼ੁਦਾਏ ਵਾਹਿਦ ਦੀ ਕਸਮ ਖਾਂਦਾ ਹਾਂ ਕਿ ਅੱਜ ਤਕ ਮੈਂ ਇਨ੍ਹਾਂ ਨਿਰੰਕਾਰੀਆਂ ਦਾ ਸੱਚਾ ਮੈਂਬਰ ਰਿਹਾ ਹਾਂ ਪਰ ਇਹ ਬਹੁਤ ਗੰਦੀ ਹਰਕਤ ਵੇਖ ਕੇ, ਜਿਹੜੀ ਕਿ ਇਨ੍ਹਾਂ ਅੰਮ੍ਰਿਤਸਰ ਵਿੱਚ ਕੀਤੀ ਹੈ, ਮੈਂ ਇਸ ਮਿਸ਼ਨ ਤੋਂ ਅਸਤੀਫ਼ਾ ਦਿੰਦਾ ਹਾਂ। ਮੇਰਾ ਇਹਨਾਂ ਕੁਕਰਮੀਆਂ ਤੋਂ ਵਿਸ਼ਵਾਸ ਉੱਠ ਗਿਆ ਹੈ ਕਿਉਂਕਿ ਇਹ ਸਟੇਜ ’ਤੇ ਬੋਲਦੇ ਕੁਝ ਹਨ ਅਤੇ ਅਸਲ ਕੁਝ ਹੋਰ ਹੀ ਕਰਦੇ ਹਨ।

ਮੈਂ ਸਮੁੰਦਰੀ ਫ਼ੌਜ ਵਿੱਚ ਔਫ਼ੀਸਰ ਸਾਂ। ਮੇਰਾ ਨੰਬਰ 32625 ਸੀ। ਹਿਮਾਲੀਆ ਜਜ਼ੀਰਾ, ਕਰਾਚੀ ਦੇ ਅੰਦਰ ਸਮੁੰਦਰੀ ਫ਼ੌਜ ਦੀ ਬਗਾਵਤ ਦੇ ਵੇਲੇ ਯੂਨੀਅਨ ਜੈਕ ਝੰਡੇ ਨੂੰ ਉਤਾਰ ਕੇ ਕਾਂਗਰਸ ਦੇ ਝੰਡੇ ਨੂੰ ਚੜ੍ਹਾਉਣ ਦਾ ਫ਼ਖਰ ਮੈਨੂੰ ਹਾਸਲ ਹੋਇਆ। ਜੋ ਮੁਸੀਬਤਾਂ ਮੈਂ ਬਰਦਾਸ਼ਤ ਕੀਤੀਆਂ ਹਨ ਉਹ ਮੇਰੀ ਆਤਮਾ ਨੂੰ ਹੀ ਪਤਾ ਹੈ। ਅੱਜ ਤੱਕ ਫ਼ਰੀਡਮ ਫ਼ਾਈਟਰਜ਼ ਦੀ ਪੈਨਸ਼ਨ ਨਹੀਂ ਲਈ। ਪਾਰਲੀਮੈਂਟ ਇਲੈਕਸ਼ਨ ਦੇ ਅੰਦਰ ਮੈਂ ਅਕਾਲੀ-ਜਨਤਾ ਪਾਰਟੀ ਦਾ ਵੱਡਾ ਸਪੋਟਰ (ਸਮਰਥਕ) ਰਿਹਾ ਹਾਂ। ਚੌਧਰੀ ਬਲਬੀਰ ਸਿੰਘ ਅਤੇ ਮਾਧੋ ਸਿੰਘ ਦੀ ਤਨ-ਮਨ ਨਾਲ ਮਦਦ ਕੀਤੀ ਹੈ । ਹਲਕੇ ਦੇ ਐਮ.ਐਲ.ਏ., ਮੈਂਬਰ ਪਾਰਲੀਮੈਂਟ ਅਤੇ ਮਨਿਸਟਰ ਸਾਹਿਬਾਨ ਜਾਣਦੇ ਹਨ। ਐਮਰਜੈਂਸੀ ਸਮੇਂ ਪੁਲੀਸ ਦੀ ਵਜ੍ਹਾ ਨਾਲ 55 ਦਿਨ ਰੂਪੋਸ਼ ਰਿਹਾ ਹਾਂ।

ਮੈਂ ਇਹਨਾਂ ਨਿਰੰਕਾਰੀਆਂ ਦੇ ਉੱਤੇ ਸ਼ੈਤਾਨੀ ਪੰਥ ਦੇ ਨਾਂ ’ਤੇ ਇੱਕ ਕਿਤਾਬ ਲਿਖੀ ਜਿਹੜੀ ਕਿ 200 ਸਫ਼ੇ ਦੀ ਹੈ। ਮੈਂ ਇਸ ਕਿਤਾਬ ਵਿੱਚ ਸਾਫ਼ ਸਾਬਤ ਕਰ ਦਿੱਤਾ ਹੈ ਕਿ ਹਿੰਦੂ, ਮੁਸਲਮਾਨ, ਸਿੱਖ ਨਾਲ ਇਹ ਕਿਵੇਂ ਵਾਧਾ ਕਰ ਰਹੇ ਹਨ, ਮੈਂ ਗੁਰਬਾਣੀ ਰਾਹੀਂ ਅਤੇ ਦਸਮ ਗ੍ਰੰਥ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਇਹ ਸ਼ੈਤਾਨ ਜਾਂ ਕਾਲ ਦਾ ਅਵਤਾਰ ਹੈ ਅਤੇ ਇਹ ਕੁਕਰਮੀਆਂ ਅਤੇ ਬੇਗੁਰਿਆਂ ਦੀ ਗੱਦੀ ਹੈ। ਮੇਰੇ ਪਾਸ ਸਬੂਤ ਦੇ ਤੌਰ ’ਤੇ ਇਨ੍ਹਾਂ ਨਿਰੰਕਾਰੀਆਂ ਦੀ ਅਵਤਾਰ ਬਾਣੀ ਕਿਤਾਬ ਮੌਜੂਦ ਹੈ ਜਿਸ ਦੇ ਵਿੱਚ ਇਨ੍ਹਾਂ ਨੇ ਵਾਹਿਗੁਰੂ ਨਾਮ ਦੀ, ਰਾਮ-ਨਾਮ ਦੀ, ਅੱਲਾ ਦੀ, ਗੁਰੂ ਗ੍ਰੰਥ ਸਾਹਿਬ ਦੀ, ਕੁਰਾਨ ਦੀ, ਵੇਦਾਂ ਦੀ, ਗੁਰਬਾਣੀ ਦੀ, ਰਹਿਰਾਸ ਦੀ, ਸੁਖਮਨੀ ਸਾਹਿਬ ਦੀ, ਅਖੰਡ ਪਾਠ ਦੀ, ਅੰਮ੍ਰਿਤਸਰ ਤੀਰਥ ਦੀ, ਤਰਨ ਤਾਰਨ ਦੀ ਹਜ਼ੂਰ ਸਾਹਿਬ ਦੀ ਬੇਅਦਬੀ ਕੀਤੀ ਹੋਈ ਹੈ ਅਤੇ ਨਾਲ ਹੀ ਲਿਖਿਆ ਹੋਇਆ ਹੈ ਕਿ ਇਹ ਕੁਝ ਵੀ ਨਹੀਂ, ਕੇਵਲ ਅਵਤਾਰ ਸਿੰਘ ਹੀ ਸਭ ਤੋਂ ਵੱਡਾ ਹੈ ਜੋ ਕਿ ਇਸ ਗੁਰਬਚਨ ਦਾ ਬਾਪ ਸੀ। ਜੋ ਇਹ ਖ਼ੁਫ਼ੀਆ ਮੀਟਿੰਗ ਅੰਦਰ ਗੁਰਾਂ ਦੀ ਬੇਅਦਬੀ ਕਰਦੇ ਹਨ ਉਹਨਾਂ ਸਾਰੀਆਂ ਗੱਲਾਂ ਦੀ ਵਾਕਫ਼ੀਅਤ ਵੀ ਮੈਨੂੰ ਹੈ। ਇਹ ਹਮਲਾ ਬਾਕਾਇਦਾ ਸੰਤ ਨਿਰੰਕਾਰੀ ਮੰਡਲ ਅਤੇ ਕਾਂਗਰਸ (ਆਈ) ਅਤੇ ਗੁਰਬਚਨ ਦੇ ਸਮਝੌਤੇ ਨਾਲ ਹੋਇਆ ਹੈ। ਅਗਰ ਤੁਸੀਂ ਮੈਥੋਂ ਇਹ ਗੱਲ ਪੁੱਛੋ ਕਿ ਤੈਨੂੰ ਕਿਵੇਂ ਪਤਾ ਲੱਗਾ ਤਾਂ ਮੈਂ ਦੱਸ ਸਕਦਾ ਹਾਂ। ਇਹ ਵਾਕਿਆ ਹੋਣ ਸਮੇਂ ਨਿਰੰਕਾਰੀ ਵਾਲੰਟੀਅਰਾਂ, ਜੋ ਕਿ ਬਹੁਤ ਹੀ ਗਿਣਤੀ ਵਿੱਚ ਸਨ, ਨੇ ਅਖ਼ਬਾਰੀ ਨਾਮਾਨਿਗਾਰਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਆਪਣੇ ਟੈਂਟਾਂ ਉੱਤੇ ਖ਼ੁਦ ਹਜ਼ਾਰਾਂ ਦੀ ਤਾਦਾਦ ਵਿੱਚ ਪੱਥਰ ਆਪ ਸੁੱਟੇ ਸਨ ਤਾਂ ਜੋ ਇੰਝ ਲੱਗ ਸਕੇ ਕਿ ਸਿੱਖਾਂ ਨੇ ਹਮਲਾ ਕੀਤਾ ਹੈ। ਇਹ ਬਿਆਨ ਅੱਖੀਂ ਦੇਖਿਆ ਹੋਇਆ ਹੈ।

* ਇਹ ਲੇਖ ਰੋਜ਼ਾਨਾ ਅਕਾਲੀ ਪੱਤ੍ਰਕਾ ਵਿਚ ਅਪ੍ਰੈਲ 22, 1978 ਨੂੰ ਇੱਕ ਸਾਬਕ ਨਿਰੰਕਾਰੀ ਦਾ ਭੇਦ ਭਰਿਆ ਪ੍ਰਗਟਾਵਾ! ਸਿਰਲੇਖ ਹੇਠ ਛਪਿਆ।

(ਇਹ ਲੇਖ ਸ. ਗੁਰਤੇਜ ਸਿੰਘ ਅਤੇ ਸ. ਸਵਰਨਜੀਤ ਸਿੰਘ ਵੱਲੋਂ ਸੰਪਾਦਿਤ ਪੁਸਤਕ - ਸ਼ਹੀਦ ਬਿਲਾਸ ਸੰਤ ਜਰਨੈਲ ਸਿੰਘ - ਵਿੱਚੋਂ ਧੰਨਵਾਦ ਸਹਿਤ ਪ੍ਰਾਪਤ ਕੀਤਾ ਗਿਆ ਹੈ।)

ਕਾਂਗਰਸ ਵੱਲੋਂ ਆਮ ਚੋਣਾਂ ਸਮੇਂ ਤੋਂ ਪਹਿਲਾਂ ਕਰਾਉਣ ਦੀ ਤਿਆਰੀ!

ਅੱਜਕਲ੍ਹ ਬਹੁਤੇ ਸਿਆਸਤਦਾਨਾਂ ਦੀ ਸੋਚ 'ਤੇ ਤਾਜ਼ਾ ਆਮ ਚੋਣਾਂ ਦੀ ਗੱਲ ਭਾਰੂ ਹੋ ਚੁੱਕੀ ਹੈ। ਰਾਜਧਾਨੀ ਦੇ ਸਿਆਸੀ ਹਲਕਿਆਂ ਵਿੱਚ ਜਾਰੀ ਚਰਚਿਆਂ ਮੁਤਾਬਿਕ ਅਗਲੀਆਂ ਆਮ ਚੋਣਾਂ ਆਪਣੇ ਨਿਰਧਾਰਿਤ ਸਮੇਂ ਤੋਂ ਕੁਝ ਮਹੀਨੇ ਪਹਿਲਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਕਰਾਈਆਂ ਜਾ ਸਕਦੀਆਂ ਹਨ। ਇਨ੍ਹਾਂ ਵਿਧਾਨ ਸਭਾਵਾਂ ਦੀਆਂ ਚੋਣਾਂ ਇਸ ਸਾਲ ਦੇ ਅਖੀਰ ਵਿੱਚ ਹੋਣੀਆਂ ਹਨ। ਕਾਂਗਰਸ ਪਾਰਟੀ ਦੀ ਅੰਦਰਲੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਦਾ ਮੰਨਣਾ ਹੈ ਕਿ ਸੋਨੀਆ ਗਾਂਧੀ ਦਾ 'ਕੋਰ ਗਰੁੱਪ' ਫ਼ੈਸਲਾ ਕਰ ਚੁੱਕਾ ਹੈ ਕਿ ਸਮੇਂ ਤੋਂ ਪਹਿਲਾਂ ਚੋਣਾਂ ਕਰਾਉਣੀਆਂ ਹੀ ਪਾਰਟੀ ਲਈ ਲਾਹੇਵੰਦੀਆਂ ਹੋਣਗੀਆਂ। ਮੰਨਿਆ ਜਾ ਰਿਹਾ ਹੈ ਕਿ ਬਜਟ ਸੈਸ਼ਨ ਤੋਂ ਬਾਅਦ ਪ੍ਰਧਾਨ ਮੰਤਰੀ ਸਮੇਂ ਤੋਂ ਪਹਿਲਾਂ ਚੋਣਾਂ ਕਰਾਉਣ ਦਾ ਰਾਹ ਖੋਲ੍ਹ ਸਕਦੇ ਹਨ ਅਤੇ ਕਾਂਗਰਸ ਤੇ ਭਾਜਪਾ ਵੱਲੋਂ ਪ੍ਰਮਾਣੂ ਸਮਝੌਤੇ ਦੀ ਕੀਤੀ ਗਈ ਵਿਰੋਧਤਾ ਨੂੰ ਕਾਂਗਰਸ ਪਾਰਟੀ ਦੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਬਣਾਇਆ ਜਾਵੇਗਾ।

ਕਾਂਗਰਸ ਦਾ ਸੋਚਣਾ ਹੈ ਕਿ ਸ਼ਹਿਰੀ ਮੱਧ ਵਰਗ, ਜੋ ਰਵਾਇਤੀ ਤੌਰ 'ਤੇ ਭਾਜਪਾ ਦਾ ਵੋਟ ਬੈਂਕ ਮੰਨਿਆ ਜਾਂਦਾ ਹੈ, ਇਸ ਮੁੱਦੇ 'ਤੇ ਸਰਕਾਰ ਵੱਲ ਝੁਕ ਸਕਦਾ ਹੈ ਕਿਉਂਕਿ ਉਹ ਅਮਰੀਕਾ ਨਾਲ ਪ੍ਰਮਾਣੂ ਸਮਝੌਤੇ ਨੂੰ ਦੇਸ਼ ਦੇ ਹਿਤ ਲਈ ਚੰਗਾ ਮੰਨਦਾ ਹੈ। ਕਈ ਹੋਰ ਤੱਤ ਵੀ ਆਮ ਚੋਣਾਂ ਸਮੇਂ ਤੋਂ ਪਹਿਲਾਂ ਕਰਾਉਣ ਦੇ ਹੱਕ ਵਿਚ ਭੁਗਤਦੇ ਹਨ।

ਚੋਣਾਂ ਸਮੇਂ ਤੋਂ ਪਹਿਲਾਂ ਕਰਾਉਣ ਦੀ ਵਕਾਲਤ ਕਰਨ ਵਾਲਿਆਂ ਵੱਲੋਂ ਉਭਾਰੇ ਜਾ ਰਹੇ ਕੁਝ ਅਹਿਮ ਤੱਤ ਹੇਠ ਲਿਖੇ ਅਨੁਸਾਰ ਹਨ :

ਪਹਿਲਾ ਇਹ ਕਿ ਭਾਜਪਾ ਦੀ ਸਰਕਾਰ ਵਾਲੇ ਸੂਬਿਆਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਸੰਸਦੀ ਚੋਣਾਂ ਵੀ ਕਰਾ ਲਏ ਜਾਣ ਨਾਲ ਕਾਂਗਰਸ ਪਾਰਟੀ ਨੂੰ ਦੋਵਾਂ ਪੱਧਰਾਂ 'ਤੇ ਸਥਾਪਤੀ ਵਿਰੋਧੀ ਰੁਝਾਨ ਤੋਂ ਲਾਭ ਉਠਾਉਣ ਦਾ ਮੌਕਾ ਮਿਲੇਗਾ।

ਦੂਜੀ ਅਹਿਮ ਗੱਲ ਇਹ ਹੈ ਕਿ ਸ਼ੁਰੂਆਤੀ ਖਿੰਡਾਅ ਤੋਂ ਬਾਅਦ ਪਿਛਲੇ ਕੁਝ ਮਹੀਨਿਆਂ ਤੋਂ ਭਾਜਪਾ ਨੇ ਹੁਣ ਆਪਣਾ 'ਘਰ ਸਾਂਭਣਾ' ਸ਼ੁਰੂ ਕਰ ਦਿੱਤਾ ਹੈ। ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਨਾਮਜ਼ਦ ਕਰਨ ਪਿੱਛੇ ਵੀ ਸੰਘ ਪਰਿਵਾਰ ਦਾ ਮਨਸ਼ਾ ਉਨ੍ਹਾਂ ਭੰਬਲਭੂਸਿਆਂ ਨੂੰ ਖ਼ਤਮ ਕਰਨਾ ਹੀ ਸੀ, ਜੋ ਅਡਵਾਨੀ ਵੱਲੋਂ ਜਿਨਾਹ ਬਾਰੇ ਦੋ ਸਾਲ ਪਹਿਲਾਂ ਦਿੱਤੇ ਗਏ ਬਿਆਨ ਦੇ ਵੇਲੇ ਤੋਂ ਚਲੇ ਆ ਰਹੇ ਸਨ। ਆਰ. ਐਸ. ਐਸ. ਨੇ ਅਡਵਾਨੀ ਨੂੰ ਖੁੱਲ੍ਹਾ ਹੱਥ ਦੇ ਦਿੱਤਾ ਹੈ ਅਤੇ ਸੰਘ ਵੱਲੋਂ ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਵੀ ਅਡਵਾਨੀ ਨੂੰ ਢੁਕਵਾਂ ਆਦਰ-ਮਾਣ ਦੇਣ।

ਤੀਜਾ ਤੱਤ ਇਹ ਹੈ ਕਿ ਕਾਂਗਰਸ ਲੀਡਰਸ਼ਿਪ ਨੇ ਆਗਾਮੀ ਸਾਲਾਨਾ ਬਜਟ ਨੂੰ ਇੱਕ ਪੂਰੇ-ਸੂਰੇ ਚੋਣਾਂਵੀ ਬਜਟ ਦਾ ਰੂਪ ਦੇਣ ਦਾ ਫ਼ੈਸਲਾ ਕੀਤਾ ਹੋਇਆ ਹੈ। ਇਸ ਬਜਟ ਵਿੱਚ ਵਿੱਤ ਮੰਤਰੀ ਵੱਲੋਂ ਆਮ ਆਦਮੀ ਲਈ ਰਿਆਇਤਾਂ ਅਤੇ ਛੋਟਾਂ ਦਾ ਵੱਡਾ ਪਟਾਰਾ ਖੋਲ੍ਹੇ ਜਾਣ ਦੀ ਸੰਭਾਵਨਾ ਹੈ। ਸੋ, ਕਾਂਗਰਸ ਚਾਹੁੰਦੀ ਹੈ ਕਿ ਇਸ ਦੇ ਨਤੀਜੇ ਵਜੋਂ ਲੋਕਾਂ ਵਿਚ ਸਰਕਾਰ ਪ੍ਰਤੀ ਪੈਦਾ ਹੋਣ ਵਾਲੀ ਹਾਂ-ਪੱਖੀ ਭਾਵਨਾ ਦੇ ਮੱਠੀ ਪੈਣ ਤੋਂ ਪਹਿਲਾਂ-ਪਹਿਲਾਂ ਚੋਣਾਂ ਕਰਵਾ ਲਈਆਂ ਜਾਣ।

ਚੌਥਾ ਇਹ ਕਿ ਸਮਾਜਵਾਦੀ ਪਾਰਟੀ, ਤੇਲਗੂ ਦੇਸ਼ਮ ਪਾਰਟੀ, ਚੌਟਾਲਾ ਦੇ ਲੋਕ ਦਲ ਅਤੇ ਨੈਸ਼ਨਲ ਕਾਨਫ਼ਰੰਸ ਆਦਿ 'ਤੇ ਆਧਾਰਿਤ ਤੀਜੇ ਮੋਰਚੇ ਵੱਲੋਂ ਦਿਨੋ-ਦਿਨ ਹਾਸਲ ਕੀਤੀ ਜਾ ਰਹੀ ਮਜ਼ਬੂਤੀ ਵੀ ਸੱਤਾਧਾਰੀ ਗਠਜੋੜ ਲਈ ਫ਼ਿਕਰ ਦਾ ਕਾਰਨ ਬਣੀ ਹੋਈ ਹੈ। ਇਸ ਗਠਜੋੜ ਨੂੰ ਚੰਗੀ ਤਰ੍ਹਾਂ ਸਥਾਪਿਤ ਹੋਣ ਲਈ ਹੋਰ ਸਮਾਂ ਦੇਣ ਦਾ ਮਤਲਬ ਕਾਂਗਰਸ ਦੀਆਂ ਚੋਣ ਸੰਭਾਵਨਾਵਾਂ ਨੂੰ ਖੋਰਾ ਲਾਉਣਾ ਹੀ ਹੋਵੇਗਾ, ਖਾਸ ਕਰਕੇ ਆਂਧਰਾ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗੇ ਅਹਿਮ ਸੂਬਿਆਂ ਵਿੱਚ।

ਪੰਜਵਾਂ ਇਹ ਕਿ ਕਾਂਗਰਸ ਦਾ ਇਹ ਵੀ ਸੋਚਣਾ ਹੈ ਕਿ ਉਸ ਦੇ ਅਹਿਮ ਸਹਿਯੋਗੀ ਲਾਲੂ ਪ੍ਰਸਾਦ ਯਾਦਵ ਦਾ ਰਾਸ਼ਟਰੀ ਜਨਤਾ ਦਲ ਵੀ ਲੋਕ ਸਭਾ ਵਿੱਚ ਆਪਣੀਆਂ ਸੀਟਾਂ ਦੀ ਮੌਜੂਦਾ ਗਿਣਤੀ ਬਣਾਈ ਰੱਖਣ ਦੇ ਸਮਰੱਥ ਨਹੀਂ ਹੋ ਸਕੇਗਾ। ਬਿਹਾਰ ਵਿੱਚ ਨਿਤੀਸ਼ ਕੁਮਾਰ ਦੀ ਅਗਵਾਈ ਹੇਠਲੀ ਜਨਤਾ ਦਲ (ਯੂ)-ਭਾਜਪਾ ਸਰਕਾਰ ਵੱਲੋਂ ਕਾਫੀ ਚੰਗਾ ਪ੍ਰਸ਼ਾਸਨ ਮੁਹੱਈਆ ਕਰਾਇਆ ਜਾ ਰਿਹਾ ਹੈ ਅਤੇ ਜਿੰਨਾ ਸਮਾਂ ਇਸ ਸਰਕਾਰ ਨੂੰ ਕੰਮ ਕਰਨ ਲਈ ਮਿਲਦਾ ਜਾਵੇਗਾ, ਚੋਣ ਕਾਰਗੁਜ਼ਾਰੀ ਪੱਖੋਂ ਇਸ ਦੀਆਂ ਸੰਭਾਵਨਾਵਾਂ ਓਨੀਆਂ ਹੀ ਹੋਰ ਵਧਦੀਆਂ ਜਾਣਗੀਆਂ।

ਛੇਵਾਂ ਇਹ ਕਿ ਬਸਪਾ ਦੀ ਮੁਖੀ ਮਾਇਆਵਤੀ ਦਾ ਉੱਤਰ ਪ੍ਰਦੇਸ਼ ਤੋਂ ਬਾਹਰ ਵਧਦਾ ਪ੍ਰਭਾਵ ਵੀ ਕਾਂਗਰਸੀ ਆਗੂਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਉੱਤਰ ਪ੍ਰਦੇਸ਼ ਵਿੱਚ ਪਿਛਲੇ ਸਾਲ ਹੈਰਾਨਕੁੰਨ ਜਿੱਤ ਹਾਸਲ ਕਰਨ ਤੋਂ ਬਾਅਦ ਬਸਪਾ ਨੇ ਆਪਣੇ ਖੰਭ ਪਸਾਰੇ ਹਨ ਅਤੇ ਇਸ ਵੱਲੋਂ ਗੁਜਰਾਤ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਇਥੋਂ ਤੱਕ ਕਿ ਆਂਧਰਾ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਵੀ ਆਪਣੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਕਾਂਗਰਸੀ ਆਗੂ ਜਾਣਦੇ ਹਨ ਕਿ ਚੋਣਾਂ ਵਿੱਚ ਬਸਪਾ ਭਾਵੇਂ ਖ਼ੁਦ ਕਾਫੀ ਗਿਣਤੀ ਵਿਚ ਸੀਟਾਂ ਨਾ ਵੀ ਜਿੱਤ ਸਕੇ ਪਰ ਇਹ

ਕਾਂਗਰਸ ਦੇ ਰਿਵਾਇਤੀ ਵੋਟ ਬੈਂਕ ਨੂੰ ਵੱਡਾ ਖੋਰਾ ਜ਼ਰੂਰ ਲਾ ਸਕਦੀ ਹੈ। ਜਿਵੇਂ ਕਿ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਕਈ ਹਲਕਿਆਂ ਵਿੱਚ ਵੇਖਣ ਨੂੰ ਮਿਲਿਆ।

ਸੱਤਵਾਂ ਇਹ ਕਿ ਕਾਂਗਰਸ ਪਾਰਟੀ ਵੱਲੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਖੱਬੇ-ਪੱਖੀਆਂ ਵੱਲੋਂ ਸਰਕਾਰ ਨੂੰ ਪ੍ਰਮਾਣੂ ਸਮਝੌਤਾ ਠੰਢੇ ਬਸਤੇ ਵਿੱਚ ਪਾਉਣ ਲਈ ਮਜਬੂਰ ਕੀਤੇ ਜਾਣ ਦੇ ਬਾਅਦ ਤੋਂ ਲੋਕਾਂ ਵਿੱਚ ਸਰਕਾਰ ਦਾ ਪ੍ਰਭਾਵ ਘਟਣ ਲੱਗਾ ਹੈ। ਨਾ ਤਾਂ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਅਤੇ ਨਾ ਹੀ ਕਾਂਗਰਸ ਪਾਰਟੀ ਦੇ ਨਵੇਂ 'ਯੁਵਰਾਜ' ਰਾਹੁਲ ਗਾਂਧੀ ਆਮ ਲੋਕਾਂ ਲਈ ਆਕਰਸ਼ਣ ਦਾ ਕੋਈ ਕੇਂਦਰ ਸਾਬਤ ਹੋ ਰਹੇ ਹਨ। ਸੋ, ਨੁਕਸਾਨ ਹੋਰ ਵਧਣ ਤੋਂ ਪਹਿਲਾਂ ਚੋਣਾਂ ਕਰਾ ਲੈਣੀਆਂ ਲਾਹੇਵੰਦੀਆਂ ਹੋਣਗੀਆਂ।

ਅੱਠਵਾਂ ਤੱਤ ਇਹ ਹੈ ਕਿ ਪਾਰਟੀ ਵੱਲੋਂ ਹਾਲ ਹੀ ਵਿੱਚ ਕਰਾਏ ਗਏ ਅਗਾਊਂ ਚੋਣ ਸਰਵੇਖਣ ਮੁਤਾਬਿਕ ਸਮੇਂ ਤੋਂ ਪਹਿਲਾਂ ਚੋਣਾਂ ਹੋਣ ਦੀ ਸੂਰਤ ਵਿੱਚ ਇਸ ਨੂੰ 150 ਤੋਂ ਵੱਧ ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਗਈ ਹੈ। ਇਹ ਇਸ ਦੀਆਂ ਮੌਜੂਦਾਂ ਸੀਟਾਂ ਤੋਂ 15 ਵੱਧ ਹਨ। ਉਧਰ, ਭਾਜਪਾ ਦੇ ਨਾਲ-ਨਾਲ ਤੀਜਾ ਮੋਰਚਾ ਵੀ ਲਗਾਤਾਰ ਤੇਜ਼ੀ ਫੜ ਰਿਹਾ ਹੈ।

ਸੋ, ਇਸ ਸਭ ਕੁਝ ਦੇ ਮੱਦੇਨਜ਼ਰ ਕਾਂਗਰਸ ਚਾਹੁੰਦੀ ਹੈ ਕਿ ਵਿਰੋਧੀ ਧਿਰ ਦੇ ਹੋਰ ਮਜ਼ਬੂਤ ਹੋਣ ਤੋਂ ਪਹਿਲਾਂ-ਪਹਿਲਾਂ ਹੀ ਅਗਲੀਆਂ ਆਮ ਚੋਣਾਂ ਕਰਾ ਲਈਆਂ ਜਾਣ।

-ਵਰਿੰਦਰ ਕਪੂਰ

ਹਮੇਸ਼ਾ ਸੁੱਖ ਦਿੰਦੀ ਹੈ ਦੋਸਤੀ

-ਜੋਗਿੰਦਰ ਸਿੰਘ ਸਿਵੀਆ

ਜ਼ਿੰਦਗੀ ਵਿੱਚ ਅਨੇਕਾਂ ਵਿਅਕਤੀਆਂ ਨਾਲ ਵਾਹ ਪੈਂਦਾ ਹੈ। ਕਈ ਅਜਿਹੇ ਹੁੰਦੇ ਹਨ ਜਿਨ੍ਹਾਂ ਤੋਂ ਮਨ ਉਕਤਾਅ ਜਾਂਦਾ ਹੈ। ਆਪਣੇ ਹੁੰਦਿਆਂ ਵੀ ਪਰਾਏ ਲੱਗਦੇ ਹਨ, ਪਰ ਕੁਝ ਅਜਿਹਿਆਂ ਨਾਲ ਮੇਲ ਹੋ ਜਾਂਦਾ ਹੈ ਜਿਹੜੇ ਪਹਿਲੀ ਨਜ਼ਰ ਹੀ ਆਪਣੇ ਬਣ ਕੇ ਰਹਿ ਜਾਂਦੇ ਹਨ ਜਿਨ੍ਹਾਂ ਦੀ ਯਾਦ ਹਮੇਸ਼ਾ ਲਈ ਦਿਲ 'ਤੇ ਉਕਰੀ ਜਾਂਦੀ ਹੈ। ਹਰ ਸਮੇਂ ਮਨ ਉਨ੍ਹਾਂ ਦਾ ਸਾਥ ਲੋੜਦਾ ਹੈ। ਅਜਿਹੇ ਮੇਲ-ਮਿਲਾਪ ਤੇ ਜਜ਼ਬਿਆਂ 'ਚੋਂ ਦੋਸਤੀਆਂ ਪੱਕੀਆਂ ਹੁੰਦੀਆਂ ਹਨ।

ਕਿਸੇ ਸਮੇਂ ਪੱਗਾਂ ਵਟਾਅ ਕੇ ਦੋਸਤੀਆਂ, ਪੱਕੀਆਂ ਹੁੰਦੀਆਂ ਸਨ ਤੇ ਤਾਅ-ਜ਼ਿੰਦਗੀ ਨਿਭਦੀਆਂ। ਔਰਤਾਂ ਚੁੰਨੀਆਂ ਵਟਾਅ ਕੇ ਸਹੇਲਪੁਣੇ ਦੇ ਰਿਸ਼ਤੇ ਨੂੰ ਪੱਕਾ ਕਰਦੀਆਂ ਤੇ ਭੈਣਾਂ ਬਣਦੀਆਂ। ਤੁਲਸੀ ਦਾਸ ਨੇ ਮਿੱਤਰਤਾ ਦੇ ਸਬੰਧ ਜੋੜਨ ਤੇ ਪੱਕਾ ਕਰਨ ਲਈ ਛੇ ਗੁਣਾਂ ਦਾ ਵਰਣਨ ਕੀਤਾ ਹੈ-ਆਸ਼ਾ, ਇਸ਼ਟ, ਉਪਾਸਨਾ, ਖਾਨ-ਪਾਣ, ਪਹਿਰਾਨ, ਖਟ ਲੱਛਣ ਪ੍ਰਗਟੇ ਜਹਾਂ ਤਹਿ ਮਿਤਰਤਾ ਜਾਨ। ਇਨ੍ਹਾਂ ਵਿਚੋਂ ਕੁਝ ਅਸਾਨ ਹੋਵੇ ਤਾਂ ਮਿੱਤਰਤਾ, ਦੋਸਤੀ ਦੇ ਸੰਬੰਧ ਪੱਕੇ ਨਹੀਂ ਹੁੰਦੇ। ਪੁਰਾਣਾ ਵਿਚਾਰ ਵੀ ਹੈ ਜੇ ਖ਼ੂਨ ਦਾ ਸਬੰਧ ਹੋਵੇ ਤਾਂ ਦੋਸਤੀ ਤਦ ਹੀ ਨਿਭ ਸਕਦੀ ਹੈ, ਪਰ ਖ਼ੂਨ ਇੱਕ ਹੋਣ ਨਾਲ ਸਰੀਰ ਦਾ ਸਬੰਧ ਤਾਂ ਬਣ ਸਕਦਾ, ਪਰ ਵਿਚਾਰ ਇੱਕ ਨਾ ਹੋਣ ਕਰ ਕੇ ਦਿਲ ਦਾ ਮਿਲਣਾ ਮੁਸ਼ਕਲ ਹੋ ਜਾਂਦਾ ਹੈ। ਭਾਵੇਂ ਜਾਤ, ਮਜ਼੍ਹਬ, ਬੋਲੀ, ਦੇਸ, ਪਹਿਰਾਵਾ ਆਦਿ ਕੋਈ ਵੀ ਹੋਵੇ, ਪਰ ਵਿਚਾਰ ਇੱਕ ਹੋਣ ਤਾਂ ਦੋਸਤੀ ਦੇ ਸਬੰਧ ਬਹੁਤ ਗੂੜ੍ਹੇ ਹੋ ਜਾਂਦੇ ਹਨ। ਦੋਸਤੀ ਹਿਰਦੇ ਦੀ ਨੇੜਤਾ ਦੀ ਮੰਗ ਕਰਦੀ ਹੈ। ਦਿਲਾਂ ਦੀ ਸਾਂਝ ਪਾਉਣੀ ਲੋਚਦੀ ਹੈ। ਵਿਚਾਰ ਸਾਂਝੇ ਹੋਣੇ ਬਹੁਤ ਜ਼ਰੂਰੀ ਹਨ। ਵਿਚਾਰ ਬਦਲ ਜਾਣ ਤਾਂ ਦੁਨੀਆ ਦਾ ਰੰਗ ਵੀ ਬਦਲਿਆ ਹੋਇਆ ਪ੍ਰਤੀਤ ਹੋਣ ਲੱਗ ਪੈਂਦਾ ਹੈ। ਜੀਵਨ ਬਦਲ ਜਾਂਦਾ ਹੈ, ਦੋਸਤੀਆਂ ਵਿਚਾਰਾਂ ਦੀ ਦੇਣ ਹਨ।

ਦੋਸਤੀਆਂ ਸਾਵੀਂ ਪੱਧਰੀ ਸ਼ਖਸੀਅਤ ਤੇ ਨਰੋਈ ਸੋਚ ਦੀ ਮਲਕੀਅਤ ਹੁੰਦੀਆਂ ਹਨ। ਸੱਚੀ-ਸੁੱਚੀ ਮਾਨਵਤਾ ਦਾ ਪ੍ਰਤੀਕ ਤੇ ਕਸਵੱਟੀ ਹੁੰਦੀਆਂ ਹਨ। ਜਿਗਰੀ ਯਾਰ, ਦੋਸਤ, ਮਿੱਤਰ, ਪਿਆਰੇ ਬਣਾਉਣੇ ਬੜੇ ਔਖੇ ਹਨ। ਸੁਆਰਥੀ ਹਿਤਾਂ 'ਤੇ ਉਸਰੀਆਂ ਦੋਸਤੀਆਂ ਧੋਖਾ ਦੇ ਜਾਂਦੀਆਂ ਹਨ। ਜਜ਼ਬਿਆਂ 'ਤੇ ਉਸਰੀਆਂ ਦੀ ਨੀਂਹ ਮਜ਼ਬੂਤ ਹੁੰਦੀ ਹੈ। ਇਹ ਖ਼ੂਨ ਦੇ ਰਿਸ਼ਤਿਆਂ ਨਾਲੋਂ ਵੀ ਜ਼ਿਆਦਾ ਦੇਰ ਨਿਭਦੀਆਂ ਹਨ। ਵਫ਼ਾਦਾਰੀ ਦਾ ਪੱਖ ਪੂਰ ਕੇ ਆਪਣਾ ਫਰਜ਼ ਨਿਭਾਉਣ ਵਿੱਚ ਹੀ ਖੁਸ਼ੀ ਮਹਿਸੂਸ ਕਰਦੀਆਂ ਹਨ। ਸੱਚੀਆਂ ਦੋਸਤੀਆਂ ਦੀ ਉਮਰ ਸਰੀਰਕ ਉਮਰ ਨਾਲੋਂ ਵੀ ਲੰਮੀ ਹੁੰਦੀ ਹੈ। ਅਜਿਹੀਆਂ ਦੋਸਤੀਆਂ ਦਾ ਪ੍ਰਭਾਵ ਅਗਲੀ ਪੀੜ੍ਹੀ ਵੀ ਕਬੂਲਣ ਲੱਗ ਪੈਂਦੀ ਹੈ।ਦੋਸਤੀਆਂ ਦੀ ਘਾਟ ਮਨੁੱਖ ਨੂੰ ਹਰ ਉਮਰ ਵਿੱਚ ਰੜਕਦੀ ਰਹਿੰਦੀ ਹੈ। ਦੋਸਤਾਂ ਬਿਨਾਂ ਜ਼ਿੰਦਗੀ ਮਾਨਣ ਦਾ ਰੰਗ ਫਿੱਕਾ ਰਹਿੰਦਾ ਹੈ।

ਬਚਪਨ ਦੀਆਂ ਦੋਸਤੀਆਂ ਸਵਾਰਥ ਰਹਿਤ ਹੋਣ ਕਰ ਕੇ ਸਦਾ ਸਹਾਈ ਹੋਣ ਤੇ ਸਦਾ ਨਿਭਣ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਦਾ ਸਾਥ ਸਾਨੂੰ ਹੋਰ ਜਿਊਣ ਲਈ ਉਤਸ਼ਾਹ ਪ੍ਰਦਾਨ ਕਰਦਾ ਹੈ। ਸੱਚੀਆਂ ਦੋਸਤੀਆਂ ਕੁਝ ਲੈਣ ਜਾਂ ਪ੍ਰਾਪਤ ਕਰਨ ਦੀ ਇੱਛਾ ਨਹੀਂ ਰੱਖਦੀਆਂ। ਸਗੋਂ ਕੁਝ ਦੇਣ ਵਿੱਚ ਜਾਂ ਕੁਝ ਸੰਵਾਰਨ ਵਿੱਚ ਹੀ ਖੁਸ਼ ਰਹਿੰਦੀਆਂ ਹਨ। ਸੱਚੀ ਦੋਸਤੀ ਦੂਜੇ ਦਾ ਬਣ ਜਾਣ ਵਿੱਚ ਮਸ਼ਰੂਫ ਰਹਿੰਦੀ ਹੈ।

ਵਿਖਾਵਾ ਇਨ੍ਹਾਂ ਤੋਂ ਦੂਰ ਰਹਿੰਦਾ ਹੈ। ਇਹ ਕਦੇ ਹਿਸਾਬ ਨਹੀਂ ਮੰਗਦੀਆਂ। ਨਾ ਹੀ ਦੋ ਤੇ ਦੋ ਚਾਰ ਕਰਦੀਆਂ ਹਨ। ਗਿਣਤੀਆਂ ਮਿਣਤੀਆਂ ਤੋਂ ਪਰ੍ਹੇ, ਕਸਮਾਂ ਵਾਅਦਿਆਂ ਤੋਂ ਉਪਰ ਗਿਲੇ ਸ਼ਿਕਵਿਆਂ ਦੀ ਦਾਸਤਾਂ ਕਦੇ ਦੋਸਤੀਆਂ ਦਾ ਵਿਸ਼ਾ ਨਹੀਂ ਹੁੰਦੀ। ਇਹ ਹੌਸਲੇ ਵਧਾਉਂਦੀਆਂ ਤੇ ਸੁੱਖ ਵੰਡਦੀਆਂ ਹਨ। ਬਲੀਦਾਨ ਤੇ ਤਿਆਗ ਦੋਸਤੀਆਂ ਦੇ ਖਾਤੇ ਵਿੱਚ ਲਿਖੀ ਅਟੱਲ ਸੱਚਾਈ ਹੁੰਦੀ ਹੈ। ਇਹ ਤੋਹਫਿਆਂ ਦੀ

ਮੰਗ ਨਹੀਂ ਕਰਦੀਆਂ। ਇਨ੍ਹਾਂ ਨੂੰ ਕਮਾਉਣ ਵਾਲਾ ਕਦੇ ਊਣਾ ਜਾਂ ਥੁੜਿਆ ਹੋਇਆ ਮਹਿਸੂਸ ਨਹੀਂ ਕਰਦਾ। ਜ਼ਿਆਦਾ ਦੋਸਤੀਆਂ ਦਾ ਮਾਲਕ ਖੁਸ਼ਕਿਸਮਤ ਹੁੰਦਾ ਹੈ, ਪਰ ਇਸ ਦੀ ਸ਼ਰਤ ਹੈ ਕਿ ਵਿਖਾਵੇ ਸਵਾਰਥੀ ਹਿਤਾਂ ਤੋਂ ਨਿਰਲੇਪ ਹੋਵੇ।

ਦੋਸਤ ਦੇ ਅੰਦਰ ਦੋਸਤ ਦੇ ਦੁੱਖ-ਸੁੱਖ ਲਈ ਠਾਠਾਂ ਮਾਰਦਾ ਵੱਡਾ ਸਾਰਾ ਦਿਲ ਹੁੰਦਾ ਹੈ। ਇਹ ਦੋਸਤੀਆਂ ਹੀਰਿਆਂ ਦੀਆਂ ਖਾਣਾਂ ਹੁੰਦੀਆਂ ਹਨ, ਜਦੋਂ ਜੀਅ ਕਰੇ ਉਨ੍ਹਾਂ ਦੀ ਵਰਤੋਂ ਬਿਨਾਂ ਝਿਜਕ ਕੀਤੀ ਜਾ ਸਕਦੀ ਹੈ। ਸੱਚੀਆਂ ਦੋਸਤੀਆਂ ਦੇ ਭੇਤ ਧਨ, ਦੌਲਤ, ਸੋਨਾ, ਚਾਂਦੀ ਵਿੱਚ ਨਹੀਂ ਲੁਕਿਆ ਹੁੰਦਾ। ਇਹ ਆਪਣੇ ਮਨ ਵਿੱਚ ਹੀ ਝਾਤੀ ਮਾਰ ਕੇ ਆਪਣੇ ਦੋਸਤ ਦੀਆਂ ਸਾਰੀਆਂ ਭਾਵਨਾਵਾਂ ਨੂੰ ਸਮਝਣ, ਜਾਨਣ ਤੇ ਥਾਹ ਪਾਉਣ ਦੇ ਸਮਰੱਥ ਹੁੰਦੀਆਂ ਹਨ। ਸੱਚੀ ਦੋਸਤੀ ਤ੍ਰੇਲ ਧੋਤੇ ਫੁੱਲ ਵਾਂਗ ਟਹਿਕਦੀ, ਮਹਿਕਦੀ ਤੇ ਮੁਸਕਰਾਹਟ ਬਿਖੇਰਨ ਵਿੱਚ ਮਸਤ ਹੁੰਦੀ ਹੈ। ਚਾਰ ਚੁਫੇਰਾ ਚਮਕਾਉਣ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਦੀ ਸੰਗਤ ਵਿੱਚ ਦੁਨੀਆ ਰੰਗੀਨੀ ਬਖਸ਼ਦੀ ਹੈ। ਇਹ ਵਿਹਾਰ ਦੇ ਇੱਕ ਦਾਇਰੇ ਵਿੱਚ ਰਹਿ ਕੇ ਹੀ ਪੁਗਾਈਆਂ ਜਾ ਸਕਦੀਆਂ ਹਨ। ਦਾਇਰੇ ਦੀ ਉਲੰਘਣਾ ਇਨ੍ਹਾਂ ਨੂੰ ਖੇਰੂੰ-ਖੇਰੂੰ ਕਰ ਸਕਦੀ ਹੈ। ਦੋਸਤੀ ਦਾ ਹਰ ਕਾਰਜ ਇੱਕ ਸੀਮਾ ਅੰਦਰ ਵਿਚਰਦਾ ਹੈ।

ਸਿਆਣੇ ਕਹਿੰਦੇ ਹਨ ਕਿ ਸੰਸਾਰ ਵਿੱਚ ਹਰ ਚੀਜ਼ ਉਸਰ ਰਹੀ ਹੈ ਜਾਂ ਨਿਘਰ ਰਹੀ ਹੈ, ਪੱਕ ਰਹੀ ਹੈ ਜਾਂ ਗਲ-ਸੜ ਰਹੀ ਹੈ, ਪਰ ਦੋਸਤੀ ਹੀ ਇੱਕ ਅਜਿਹੀ ਚੀਜ਼ ਹੈ ਜਿਹੜੀ ਪੱਕਦੀ ਹੀ ਚਲੀ ਜਾਂਦੀ ਹੈ ਤੇ ਹਰ ਉਮਰ ਵਿੱਚ ਨਵੀਂ ਨਰੋਈ ਬਣ ਕੇ ਆਪਣਾ ਫਰਜ ਨਿਭਾਉਂਦੀ ਹੋਈ ਸਮੇਂ ਦੇ ਅਸਰ ਨੂੰ ਪ੍ਰਭਾਵਹੀਣ ਕਰਦੀ ਹੋਈ ਅੱਗੇ ਵੱਲ ਵਧਦੀ ਚਲੀ ਜਾਂਦੀ ਹੈ। ਹੋਰ ਸਭ ਰਿਸ਼ਤੇ ਸਾਨੂੰ ਸੁੱਖ ਅਤੇ ਦੁੱਖ ਦੋਵੇਂ ਦਿੰਦੇ ਹਨ, ਪਰ ਦੋਸਤੀ ਹਮੇਸ਼ਾ ਸੁੱਖ ਦਿੰਦੀ ਹੈ। ਦੋਸਤੀਆਂ ਜ਼ਿੰਦਗੀ ਵਿੱਚ ਰਹਿ ਗਏ ਖਾਲੀ ਥਾਂ ਨੂੰ ਪੂਰ ਕਰਦੀਆਂ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਦੌੜ ਰਹੇ ਮਨੁੱਖ ਟਿਕਾਣਾ ਬਣ ਕੇ ਸਕੂਨ ਦਿੰਦੀਆਂ ਹਨ।

ਦੋਸਤੀਆਂ ਜ਼ਿੰਦਗੀ ਦੇ ਹਰਫ ਹੁੰਦੀਆਂ ਹਨ ਜਿਹੜੇ ਬਿਨਾਂ ਪੜ੍ਹਿਆਂ ਵੀ ਸੁੱਖ-ਦੁੱਖ ਦੇ ਬਾਹਰ ਹੁੰਦੇ ਹਨ। ਜ਼ਿੰਦਗੀ ਦੀ ਰੌਣਕ ਤੇ ਨਿੱਘ ਦੇਣ ਵਾਲੀਆਂ ਹੁੰਦੀਆਂ ਹਨ। ਬਿਮਾਰਾਂ ਲਈ ਦਵਾਈ ਦਾ ਕੰਮ ਕਰਦੀਆਂ ਹਨ। ਇਨ੍ਹਾਂ ਦੀ ਸੰਗਤ ਵਿੱਚ ਬਿਮਾਰੀ ਦੂਰ ਭੱਜਦੀ ਹੈ। ਜੀਵਨ ਸੁਖਮਈ ਕਰਦੀਆਂ ਹਨ। ਔਖੇ ਮੌਕਿਆਂ 'ਤੇ ਸਾਡੀ ਸੱਜੀ ਬਾਂਹ ਹੁੰਦੀਆਂ ਹਨ। ਇਹ ਜ਼ਿੰਦਗੀ ਦੀ ਅਸੀਸ ਹੁੰਦੀਆਂ ਹਨ ਤੇ ਗਮਾਂ ਦੀ ਪੰਡ ਨੂੰ ਹੌਲਾ ਕਰਦੀਆਂ ਹਨ। ਮਾਨਵੀ ਰਿਸ਼ਤਿਆਂ ਨੂੰ ਜੰਗਾਲ ਲੱਗਣ ਤੋਂ ਰੱਖਿਆ ਕਰਦੀਆਂ ਹਨ।

ਸਵੀਡਿਸ਼ ਮਾਹਿਰਾਂ ਦਾ ਵਿਚਾਰ ਹੈ ਕਿ ਜਿਨ੍ਹਾਂ ਦੇ ਦੋਸਤ ਘੱਟ ਹੁੰਦੇ ਹਨ, ਵਧਦੀ ਉਮਰ ਦੇ ਨਾਲ ਉਨ੍ਹਾਂ ਦਾ ਦਿਮਾਗ ਬਿਮਾਰ ਜਿਹਾ ਰਹਿਣ ਲੱਗਦਾ ਹੈ। ਦਿਮਾਗੀ ਸਮੱਸਿਆਵਾਂ ਹੋ ਜਾਂਦੀਆਂ ਹਨ। ਇੱਕ ਸਿਹਤਮੰਦ ਜ਼ਿੰਦਗੀ ਲਈ ਦੋਸਤੀਆਂ ਬਹੁਤ ਅਹਿਮੀਅਤ ਰੱਖਦੀਆਂ ਹਨ। ਇਨ੍ਹਾਂ ਤੋਂ ਬਿਨਾਂ ਮਨੁੱਖ ਇਕੱਲੇਪਨ ਦਾ ਸ਼ਿਕਾਰ ਹੋ ਜਾਂਦਾ ਹੈ, ਜੋ ਦਿਮਾਗ ਨੂੰ ਅਸੰਤੁਲਨ ਕਰ ਦਿੰਦਾ ਹੈ। ਦਿਮਾਗ ਨੂੰ ਸਿਹਤਮੰਦ ਰੱਖਣ ਲਈ ਇਹ ਬਹੁਤ ਜ਼ਰੂਰੀ ਹਨ। ਦੋਸਤੀਆਂ ਦਾ ਦਾਇਰਾ ਵਿਸ਼ਾਲ ਹੋਣਾ ਹੀ ਲਾਹੇਵੰਦ ਹੈ। ਧਨ, ਦੌਲਤ, ਜਾਇਦਾਦ ਤੇ ਹੋਰ ਰਿਸ਼ਤੇ ਧੋਖਾ ਦੇ ਜਾਂਦੇ ਹਨ, ਪਰ ਸਾਂਭੀ ਹੋਈ ਦੋਸਤੀ ਹਮੇਸ਼ਾ ਵਫਾਦਾਰੀ ਦਾ ਪੱਖ ਪੂਰਦੀ ਹੈ।

ਦੋਸਤੀਆਂ ਦੀ ਮਹਿਕ ਅੰਤ ਤੱਕ ਤਰੋਤਾਜ਼ਾ ਰਹਿੰਦੀ ਹੈ। ਕਦੇ ਵੀ ਫਿੱਕੀ ਨਹੀਂ ਪੈਂਦੀ, ਜਿਸ ਦੇ ਜਿੰਨੇ ਜ਼ਿਆਦਾ ਦੋਸਤ ਹੋਣਗੇ, ਉਹ ਓਨਾ ਹੀ ਤਣਾਓ ਮੁਕਤ ਹੋਵੇਗਾ ਤੇ ਆਪਣੇ-ਆਪ ਨੂੰ ਹਰ ਖਤਰੇ ਤੋਂ ਮਹਿਫੂਜ਼ ਸਮਝੇਗਾ, ਓਨੀ ਜ਼ਿਆਦਾ ਉਸ ਦੀ ਉਮਰ ਵਧਣ ਦੀ ਸੰਭਾਵਨਾ ਵੀ ਬਣੀ ਰਹੇਗੀ।

ਦੋਸਤੀਆਂ ਜ਼ਿੰਦਗੀ ਵਿੱਚ ਉਤਸ਼ਾਹ ਦਿੰਦੀਆਂ ਹਨ। ਮਸੋਸੇ ਹੋਏ ਮਨਾਂ ਦੀ ਦਵਾਈ ਹੁੰਦੀਆਂ ਹਨ। ਸੰਕਟ ਸਮੇਂ ਦਾ ਥੰਮ੍ਹ ਹੁੰਦੀਆਂ ਹਨ। ਦੁੱਖ-ਸੁੱਖ ਦਾ ਸਮਤੋਲ ਰੱਖਣ ਲਈ ਵੀ ਦੋਸਤੀਆਂ ਬਹੁਤ ਜ਼ਰੂਰੀ ਹੁੰਦੀਆਂ ਹਨ। ਆਓ ਇਨ੍ਹਾਂ ਨੂੰ ਨਿਭਾਉਣਾ ਸਿੱਖੀਏ।

ਫੈਸਲਾ ਲਛਮਣ ਰੇਖਾ ਉਲੰਘਣ ਦਾ

ਘਰ ਦੀ ਡਿਉਢੀ 'ਚ ਡੱਠੇ ਤਖਤਪੋਸ਼ 'ਤੇ ਬੈਠਾ 80 ਕੁ ਸਾਲਾ ਬਜ਼ੁਰਗ ਮੇਲਾ ਸਿਹੁੰ ਆਪਣੇ ਹੀ ਨੂੰਹ-ਪੁੱਤ ਵੱਲੋਂ ਨਿੱਤ ਦਿਨ ਕੀਤੀ ਜਾ ਰਹੀ ਵੱਢੂੰ-ਖਾਊਂ, ਦੁਰਵਿਹਾਰ ਤੋਂ ਇੰਨਾ ਕੁ ਦੁਖੀ ਤੇ ਹੀਣ ਭਾਵਨਾ ਦਾ ਸ਼ਿਕਾਰ ਹੋ ਚੁੱਕਾ ਸੀ ਕਿ ਕਦੇ-ਕਦੇ ਤਾਂ ਉਸ ਨੂੰ ਆਪਣਾ ਵਜੂਦ ਨਜ਼ਦੀਕ ਹੀ ਡਿਉਢੀ ਦੀ ਇਕ ਨੁੱਕਰ 'ਚ ਬੈਠੇ ਘਰ ਦੇ ਕਾਲੇ ਕੁੱਤੇ ਤੋਂ ਵੀ ਘਟੀਆ ਜਾਪਦਾ, ਜਿਸ ਤੋਂ ਝੂੰਜਲਾ ਕੇ ਉਸ ਨੇ ਕਈ ਵਾਰ ਘਰ ਦਾ ਖਹਿੜਾ ਛੱਡ ਨੇੜਲੇ ਪਿੰਡ ਚੰਦ ਪੁਰਾਣੇ ਗੁਰਦੁਆਰੇ ਵਾਲੇ ਬਿਰਧ ਆਸ਼ਰਮ 'ਚ ਸ਼ਰਨ ਲੈਣ ਦਾ ਫੈਸਲਾ ਵੀ ਕੀਤਾ ਪਰ ਹਰ ਵਾਰ ਉਹ ਪਿੰਡ ਨਿਵਾਸੀਆਂ, ਸ਼ਰੀਕੇ ਕਬੀਲੇ 'ਚ ਆਪਣੀ, ਆਪਣੇ ਨੂੰਹ-ਪੁੱਤ ਦੀ ਮੂੰਹੋਂ ਮੂੰਹ ਹੋਣ ਵਾਲੀ ਬਦਨਾਮੀ ਦੇ ਡਰੋਂ ਇਸ ਫੈਸਲੇ ਨੂੰ ਅੰਜ਼ਾਮ ਦੇਣੋਂ ਅੱਜ ਤੱਕ ਅਸਮਰੱਥ ਹੀ ਰਿਹਾ ਸੀ।

ਲਾਚਾਰ ਹੋਇਆ ਬਜ਼ੁਰਗ ਮੇਲਾ ਸਿਹੁੰ ਅਕਸਰ ਹੀ ਮੰਜੀ 'ਤੇ ਲੰਮਾ ਪਿਆ ਭਰ ਜਵਾਨੀ ਦੇ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਰਹਿੰਦਾ ਕਿ ਕਿਸ ਤਰ੍ਹਾਂ ਉਹਨੇ ਦਿਨ-ਰਾਤ ਜਫ਼ਰ ਜਾਲਦਿਆਂ, ਝੋਟਿਆਂ ਦੀ ਵਾਹੀ ਕਰ, ਸਾਦਾ ਜੀਵਨ ਜਿਉਂਦਿਆਂ ਆਪਣੀ ਜੱਦੀ ਪੁਸ਼ਤੀ ਹਿੱਸੇ ਆਈ ਦੋ ਏਕੜ ਜ਼ਮੀਨ ਤੋਂ ਦਸ ਏਕੜ ਜ਼ਮੀਨੀ ਢੇਰੀ ਖੜ੍ਹੀ ਕੀਤੀ ਸੀ ਤਾਂ ਜੋ ਉਹਦੀ ਔਲਾਦ ਸੁਖੀ ਜੀਵਨ ਬਸਰ ਕਰੇ ਅਤੇ ਉਹਦੇ ਬੁਢਾਪੇ ਦੀ ਸੁਖਾਵੀਂ ਲਾਠੀ

ਸਾਬਤ ਹੋਵੇ ਪਰ ਉਹਦੇ ਇਕਲੌਤੇ ਪੁੱਤ ਦੀਆਂ ਨਸ਼ੇਬਾਜ਼ਾਂ 'ਚ ਬੈਠਣ, ਫਜ਼ੂਲ ਖਰਚੀ, ਹੱਡ ਹਰਾਮੀ ਜਿਹੀਆਂ ਮਾੜੀਆਂ ਆਦਤਾਂ ਨੇ ਮੇਲਾ ਸਿਹੁੰ ਦੀਆਂ ਆਸਾਂ 'ਤੇ ਇੱਕ ਵੱਢਿਉਂ ਪਾਣੀ ਫੇਰ ਕੇ ਰੱਖ ਦਿੱਤਾ ਸੀ। ਫਲਸਰੂਪ ਮੁੰਡੇ ਦੀ ਘਰ ਵੱਲ ਨੂੰ ਕੀਤੀ ਪਿੱਠ ਸਦਕਾ ਤਿੰਨ ਕਿੱਲੇ ਜ਼ਮੀਨ ਆੜ੍ਹਤੀਏ ਕੋਲ ਗਹਿਣੇ ਪੈ ਚੁੱਕੀ ਦਾ ਝੋਰਾ ਵੀ ਉਹਨੂੰ ਵੱਢ-ਵੱਢ ਖਾ ਰਿਹਾ ਸੀ। ਉਹਦੀ ਨੂੰਹ ਤਾਂ ਹੋਰ ਵੀ ਚੰਦਰੀ ਨਿਕਲੀ ਜਿਸ ਨੇ ਮੋਮੋਠੱਗਣੀ ਬਣ ਧਿੰਗੋ ਧਿੰਗਾਣੇ ਸਾਰੀ ਜਾਇਦਾਦ ਦੀ ਵਸੀਅਤ ਆਪਣੇ ਪਤੀ ਦੇ ਨਾਂਅ ਪਹਿਲਾਂ ਹੀ ਕਰਵਾ ਲਈ ਸੀ। ਜਦ ਵੀ ਕੋਈ ਬੈਂਕ, ਫਾਈਨੈਂਸ ਕੰਪਨੀ ਵਾਲਾ ਜਾਂ ਲੈਣਦਾਰ ਘਰ ਦੀਆਂ ਬਰੂੰਹਾਂ ਟੱਪਦਾ ਤਾਂ ਨੂੰਹ-ਪੁੱਤ ਅਛੋਪਲੇ ਜਿਹੇ ਉਰੇ-ਪਰ੍ਹੇ ਹੋ ਜਾਂਦੇ ਅਤੇ ਬਾਪੂ ਨੂੰ ਮਿੰਨਤਾਂ-ਹਾੜੇ ਕੱਢਣ, ਝੂਠ ਬੋਲਣ ਲਈ ਮੂਹਰੇ ਕਰ ਦਿੱਤਾ ਜਾਂਦਾ। ਜੇ ਇਥੇ ਹੀ ਬੱਸ ਹੁੰਦੀ ਤਾਂ ਵੀ ਗਨੀਮਤ ਸੀ ਪਰ ਜਦ ਉਹ ਵੀ ਆਪਣੀ ਹੀ ਨੂੰਹ ਮੂੰਹੋਂ ਆਨੇ-ਬਹਾਨੇ ਕਰਦਿਆਂ ਆਪਣੇ ਪ੍ਰਤੀ ਵਿਹਲੜ ਰੋਟੀਆਂ ਦਾ ਖੌਅ-ਖੰਘ ਦਾ ਘਰ ਅਤੇ ਮਰ ਮੁੱਕ ਜਾਣਾ ਜਿਹੇ ਘਟੀਆ ਸ਼ਬਦ ਸੁਣਦਾ ਤਾਂ ਉਹਨੂੰ ਧਰਤੀ ਵੇਹਲ ਨਾ ਦਿੰਦੀ ਮਹਿਸੂਸ ਹੁੰਦੀ। ਇਸ ਸਮੇਂ ਉਸ ਕੋਲ ਮੰਜੇ 'ਤੇ ਬੈਠਿਆਂ ਸਿਵਾਏ ਕੰਬਦੀ ਆਵਾਜ਼ 'ਚ ਵਾਹਿਗੁਰੂ-ਵਾਹਿਗੁਰੂ ਕਹਿਣ ਤੋਂ ਵੀ ਕੋਈ ਚਾਰਾ ਵੀ ਤਾਂ ਨਹੀਂ ਸੀ ਹੁੰਦਾ।

ਹੋਇਆ ਇੰਜ ਕਿ ਪਿਛਲੇ ਤਿੰਨ ਦਿਨਾਂ ਤੋਂ ਘਰ ਦਾ ਪਾਲਤੂ ਕਾਲਾ ਕੁੱਤਾ ਪਤਾ ਨਹੀਂ ਕਿਧਰ ਗੁੰਮ ਹੋ ਗਿਆ ਸੀ, ਹੋ ਸਕਦੈ ਕਿਸੇ ਵਹੀਕਲ ਥੱਲੇ ਆਉਣ, ਕੁੱਤਿਆਂ ਵੱਲੋਂ ਆਪਸੀ ਲੜਾਈ 'ਚ ਮਾਰ ਦੇਣ ਜਾਂ ਬਿਮਾਰੀ ਦੀ ਲਪੇਟ 'ਚ ਆਉਣ ਕਰਕੇ ਮਰ-ਖਪ ਗਿਆ ਹੋਵੇ। ਸ਼ਾਮ ਦੇ ਘੁਸਮੁਸੇ ਜਿਹੇ ਹੱਥ 'ਚ ਸੱਖਣੀ ਕੌਲੀ ਫੜੀ ਖੱਟਾ ਲੈਣ ਆਈ ਗੁਆਂਢਣ ਨੇ ਡਿਊਢੀ 'ਚ ਘੋਖਵੀਆਂ ਨਜ਼ਰਾਂ ਦੌੜਾਉਂਦਿਆਂ ਬਜ਼ੁਰਗ ਦੀ ਨੂੰਹ ਨੂੰ ਦੂਰੋਂ ਹੀ ਉਚੀ ਆਵਾਜ਼ 'ਚ ਪੁੱਛਿਆ, 'ਭੈਣ!... ਥੋੜਾ ਵਿਚਾਰਾ ਕਾਲੂ ਨਹੀਂ ਦਿਸਿਆ ਦੋ-ਤਿੰਨਾਂ ਦਿਨਾਂ ਤੋਂ...?' 'ਪਤਾ ਨਹੀਂ ਭੈਣ... ਤੁਰ ਗਿਐ ਹੋਣੈ ਕਿਧਰੇ', ਬਜ਼ੁਰਗ ਦੀ ਨੂੰਹ ਨੇ ਜਵਾਬ ਦਿੱਤਾ। 'ਨਾ ਭੈਣ! ਸਾਰੀ ਗਲੀ 'ਚ ਬਥੇਰਾ ਸੁੱਖ ਸੀ ਕਾਲੂ ਦਾ... ਕੀ ਮਜ਼ਾਲ... ਗਲੀ 'ਚ ਕੋਈ ਓਪਰਾ ਬੰਦਾ, ਮੰਗਤਾ ਵੜ ਜੇ... ਚਾਰੇ ਪਹੁੰਚੇ ਚੁੱਕ ਕੇ ਉਹਨੂੰ ਗਲੀ 'ਚੋਂ ਬਾਹਰ ਕਰਕੇ ਹੀ ਦਮ ਲੈਂਦਾ... ਪਰ ਪਤਾ ਨਹੀਂ ਲੱਗਾ ਕਿਧਰ ਤੁਰ...' ਹਾਲੇ ਗੁਆਂਢਣ ਦੀ ਗੱਲ ਪੂਰੀ ਨਹੀਂ ਸੀ ਹੋਈ ਕਿ ਬਜ਼ੁਰਗ ਦੀ ਨੂੰਹ ਨੇ ਗੱਲ ਕੱਟਦਿਆਂ ਆਪਣੇ ਮੰਜੀ 'ਤੇ ਲੰਮੇ ਪਏ ਸਹੁਰੇ ਵੱਲ ਟੇਢੀ ਅੱਖ ਨਾਲ ਤੱਕਦਿਆਂ ਕਿਹਾ, 'ਕਾਹਦਾ ਸੁੱਖ ਸੀ ਭੈਣ... ਸਾਰਾ ਦਿਨ ਰੋਟੀਆਂ ਪਾੜ ਕੇ ਮਰ ਜਾਣਾ ਮੰਜੀ ਹੇਠ ਸੌਂ ਛੱਡਦਾ ਸੀ... ਕੰਮ ਦਾ ਨਾ ਕਾਜ਼ ਦਾ ਦੁਸ਼ਮਣ ਅਨਾਜ ਦਾ... ਮੈਂ ਤਾਂ ਕਹਿੰਨੀ ਆਂ... ਚੰਗਾ ਹੋਇਐ... ਸਿਆਣਾ ਨਿਕਲਿਐ ਜਿਹੜਾ ਆਪੇ ਹੀ ਸਾਡਾ ਖਹਿੜਾ ਛੱਡ ਗਿਆ।' ਆਪਣੀ ਨੂੰਹ ਦੇ ਮੂੰਹੋਂ ਕਾਲੂ ਕੁੱਤੇ ਦੇ ਬਹਾਨੇ ਉਸ ਪ੍ਰਤੀ ਕਹੇ ਗਏ ਇਨ੍ਹਾਂ ਚੰਦਰੇ ਬੋਲਾਂ ਤੋਂ ਉਹ ਬਜ਼ੁਰਗ ਇੰਨਾ ਕੁ ਹੀਣ ਭਾਵਨਾਗ੍ਰਸਤ ਹੋਇਆ ਕਿ ਉਸ ਦੇ ਸਬਰ ਦਾ ਬੰਨ੍ਹ ਢਹਿ ਗਿਆ, ਜਿਸ ਦੀ ਬਦੌਲਤ ਉਸ ਦੇ ਜ਼ਿਹਨ ਵਿੱਚ ਆਪਣੇ ਨੂੰਹ-ਪੁੱਤ ਦੀ ਹੋਣ ਵਾਲੀ ਬਦਨਾਮੀ ਵਾਲੀ ਲਛਮਣ ਰੇਖਾ ਨੂੰ ਉਲੰਘਣ ਦਾ ਫੈਸਲਾ ਭਾਰੂ ਹੋ ਚੁੱਕਾ ਸੀ। ਉਹ ਬਿਨਾਂ ਹੋਰ ਸਮਾਂ ਗਵਾਏ ਮੰਜੀ ਘਰ ਦਾ ਖਹਿੜਾ ਛੱਡ, ਹੱਥ 'ਚ ਸੋਟੀ ਫੜ, ਨੰਗੇ ਪੈਰ ਘੜੀਸਦਾ ਹੌਲੀ-ਹੌਲੀ ਤੁਰਦਾ ਨਜ਼ਦੀਕੀ ਚੰਦ ਪੁਰਾਣੇ ਗੁਰਦੁਆਰੇ ਵਾਲੇ ਬਿਰਧ ਆਸ਼ਰਮ ਦੇ ਰਾਹੇ ਪੈ ਚੁੱਕਾ ਸੀ।

-ਯਸ਼ਪਾਲ ਗੁਲਾਟੀ

ਲਕੀਰ ਦੇ ਫ਼ਕੀਰ

ਕਿਸੇ ਵੇਲੇ ਸਾਡੇ ਵੱਡ-ਵਡੇਰੇ, ਉਜਲ ਸ਼ਾਂਤ ਚਿਹਰੇ ਸਾਧੂ ਸੰਤ ਫਕੀਰ ਹੋਇਆ ਕਰਦੇ ਸੀ। ਅੱਜਕਲ੍ਹ ਅਸੀਂ ਉਨ੍ਹਾਂ ਦੀ ਆਲ ਔਲਾਦ ਲਕੀਰ ਦੇ ਫਕੀਰ ਬਣ ਗਏ ਹੋਏ ਆਂ। ਅਸੀਂ ਇਕੋ, ਸਿੱਧੀ ਸਤੌੜ, ਲਾਈਨ ਵਿੱਚ ਕੀੜੀਆਂ ਵਾਂਗ ਤੁਰਦੇ ਹਾਂ। ਆਪਣੀ-ਆਪਣੀ ਮੂਰਖਤਾ ਤੇ ਅਗਿਆਨਤਾ ਦਾ ਬੋਝ ਆਪੋ-ਆਪਣੇ ਮੋਢਿਆਂ 'ਤੇ ਢੋਂਦੇ ਹੋਏ, ਹਫ਼ਦੇ ਖਫ਼ਦੇ, ਤੁਰੇ ਜਾਂਦੇ ਹਾਂ। ਹੌਲੀ-ਹੌਲੀ ਪੰਧ 'ਤੇ ਤੁਰਦੇ ਰਹਿੰਦੇ ਹਾਂ। ਪੰਧ ਕਦੀ ਖ਼ਤਮ ਨਹੀਂ ਹੁੰਦਾ। ਬੋਝ ਕਦੀ ਘੱਟ ਨਹੀਂ ਹੁੰਦਾ।

ਸ਼ੁਰੂ ਵਿੱਚ ਬੋਝ ਢੋਣ ਵਾਲੀ ਇਕੋ ਕੀੜੀ ਸੀ। ਭੂਰੀ ਉਸ ਨੂੰ ਦੇਖਦਿਆਂ ਹੀ ਬੋਲੀ ਸੀ...'ਲੈ ਭੈਣ ਨਿੱਕੀ ਉਧਰ ਜਾ ਰਹੀ ਐ, ਮੈਂ ਭਲਾ ਪਿਛੇ ਕਿਉਂ ਰਹਾਂ? ਮੈਂ ਵੀ ਜਾਊਂ ਉਹਦੇ ਪਿੱਛੇ ਪਿੱਛੇ...।' ਤੇ ਉਹ ਆਪਣਾ ਬੋਝ ਸਿਰ 'ਤੇ ਚੁੱਕੀ ਉਸ ਦੇ ਪਿੱਛੇ-ਪਿੱਛੇ ਹੋ ਗਈ ਸੀ।

ਸੁੱਕੜੋ ਨੇ ਦੋਵਾਂ ਨੂੰ ਜਾਂਦਿਆਂ ਦੇਖਿਆ ਤਾਂ ਛੋਹਲੇ ਪੈਰੀਂ ਹੁੰਦਿਆਂ ਕਹਿਣ ਲੱਗੀ, 'ਨਿੱਕੀ ਤੇ ਭੂਰੋ ਚੱਲੀਆਂ ਤੇ ਅਸੀਂ ਕਾਹਤੋਂ ਰਹੀਏ ਕੱਲੀਆਂ?' ਤੇ ਉਹ ਵੀ ਆਪਣੇ ਟੱਬਰ ਦੇ ਜੀਆਂ ਨੂੰ ਲੈ ਕੇ ਉਨ੍ਹਾਂ ਦੋਵਾਂ ਪਿੱਛੇ ਚਾਲੇ ਪਾ ਗਈਆਂ।

ਇੱਕ ਲਕੀਰ ਬਣ ਗਈ ਲੰਮੀ, ਹਰ ਕੋਈ ਨਕਲਾਂ ਦੀ ਝੰਮੀ ਤੋਰ ਨਾ ਜਾਵੇ ਥੰਮ੍ਹੀ...ਲਕੀਰ ਦੀਆਂ ਫਕੀਰ, ਤੁਰੀਆਂ ਜਾਂਦੀਆਂ ਲੀਕੋ-ਲੀਕ, ਭਾਵੇਂ ਗ਼ਲਤ ਭਾਵੇਂ ਠੀਕ, ਨਾ ਕੋਈ ਦੇਖੇ ਨਾ ਕੋਈ ਸੁਣੇ, ਅੰਨ੍ਹਿਆਂ ਹਾਰ ਕਾਫ਼ਲਾ ਤੁਰਿਆ ਜਾਏ ਰਾਤੀਂ ਅਤੇ ਦਿਨੇ...ਕੋਈ ਹੁੜਮੱਤ ਮੁੰਡਾ ਕੀੜੀਆਂ ਦੀ ਲੰਮੀ ਕਤਾਰ ਨੂੰ ਡੱਕੇ ਨਾਲ ਵਿਚਾਲਿਉਂ ਤੋੜੇ। ਘੜੀ ਦੀ ਘੜੀ ਲਕੀਰਾਂ ਦੀਆਂ ਫਕੀਰਾਂ ਵਿੱਚ ਭਾਜੜ ਮੱਚੇ ਪਰ ਫਿਰ ਇਕਦਮ ਭੱਜ-ਭੱਜ ਇੱਕ ਦੂਸਰੀ ਦੇ ਮੁੜ ਪਿੱਛੇ-ਪਿੱਛੇ। ਲਕੀਰ ਫੇਰ ਕਾਇਮ ਹੋ ਜਾਂਦੀ, ਹਰ ਕੋਈ ਲਕੀਰ ਦੀ ਬਾਂਦੀ, ਸੋਨਾ ਮਿਲੇ ਭਾਵੇਂ ਚਾਂਦੀ, ਨਹਿਰੂ ਹੋਵੇ ਭਾਵੇਂ ਗਾਂਧੀ, ਅਸੀਂ ਤਾਂ ਹਾਂ ਲਕੀਰ ਦੀ ਬਾਂਦੀ... ਟਨਕ-ਟਨਕ ਟਣਕਾਂਦੀ ਹਰ ਕੋਈ ਲਕੀਰ ਦੀ ਬਾਂਦੀ।

ਇੱਕ ਭੇਡ ਬੋਲੀ, 'ਬਾਂ... ਬਾਂ...।'

ਝੱਟ ਦੂਸਰੀ ਨੇ ਵੀ ਸੁਰ ਕੱਢ ਦਿੱਤੀ, 'ਬਾਂ... ਬਾਂ...।'

ਤੀਸਰੀ ਵੀ ਕਿਥੇ ਪਿੱਛੇ ਰਹਿਣ ਵਾਲੀ ਸੀ। ਝੱਟ ਰਾਗ ਅਲਾਪਣ ਲੱਗ ਪਈ, 'ਬਾਂ... ਬਾਂ...।'

ਸਾਰੀਆਂ ਭੇਡਾਂ ਇਲਾਕੇ ਦੀਆਂ ਇਕ ਲਾਈਨ 'ਚ ਖਲੋ ਕੇ ਗਲਾ ਫਾੜਨ ਲੱਗ ਪਈਆਂ ਸਨ, 'ਬਾਂ... ਬਾਂ...।'

ਇੱਕ ਭੇਡ ਤੁਰਦੀ-ਤੁਰਦੀ ਖੂਹ ਵਿੱਚ ਡਿੱਗ ਪਈ।

ਝੱਟ ਦੂਸਰੀ ਨੇ ਵੀ ਪਿੱਛੇ ਹੀ ਛਲਾਂਗ ਮਾਰ ਦਿੱਤੀ। ਤੀਸਰੀ ਨੂੰ ਵੀ ਲੂਰ੍ਹੀਆਂ ਲੱਗਣ ਲੱਗ ਪਈਆਂ ਸਨ।

'ਹਾਏ ਹਾਏ ਦੋ ਭੈਣਾਂ ਖੂਹ 'ਚ ਚਲੀਆਂ ਗਈਆਂ। ਪਤਾ ਨੀਂ ਉਥੋਂ ਕੀ ਲੱਭਣ ਗਈਆਂ ਨੇ। ਮੈਂ ਬਾਹਰ ਖਲੋਤੀ ਕੀ ਕਰਦੀ ਆਂ ਭਲਾ।' ਆਖ ਠਾਹ ਦੇਣੇ ਉਹ ਵੀ ਖੂਹ 'ਚ ਛਲਾਂਗ ਮਾਰ ਗਈ। ਹੌਲੀ-ਹੌਲੀ ਸਾਰਾ ਖੂਹ ਈ ਭੇਡਾਂ ਨਾਲ ਭਰ ਗਿਆ ਪਰ ਹਾਲੇ ਵੀ ਉਹ ਲੰਗਰ ਲੰਗੋਟੇ ਕੱਸੀ ਛਾਲਾਂ ਮਾਰਨ ਲਈ ਫ਼ੌਜੀਆਂ ਵਾਂਗ ਤਿਆਰ-ਬਰ-ਤਿਆਰ ਖੜ੍ਹੀਆਂ ਸਨ। ਭਾਵੇਂ ਅੰਦਰੋਂ ਆਵਾਜ਼ਾਂ ਆ ਰਹੀਆਂ ਸਨ, 'ਨੋ ਰੂਮ, ਨੋ ਰੂਮ, ਭੈਣੇ... ਅੰਦਰ ਸਾਹ ਘੁਟਦੈ, ਬਾਹਰ ਹੀ ਰਹੋ...।'

ਪਰ ਬਾਹਰ ਖਲੋਤੀਆਂ ਵੀ ਆਖੀ ਜਾ ਰਹੀਆਂ ਸਨ, 'ਸਾਡਾ ਬਾਹਰ ਖੜ੍ਹੀਆਂ ਦਾ ਸਾਹ ਘੁੱਟੀ ਜਾਂਦੈ। ਅਸੀਂ ਬਾਹਰ ਕੱਲੀਆਂ ਕੀ ਚੰਗੀਆਂ ਲਗਦੀਆਂ। ਜਿਥੇ ਤੁਸੀਂ ਲਟਕੋਗੀਆਂ ਉਥੇ ਈ ਅਸੀਂ ਵੀ ਔਖੇ-ਸੌਖੇ ਲਟਕ ਜਾਵਾਂਗੀਆਂ...।' ਆਖ-ਆਖ ਉਹ ਵੀ ਪੁੜੇ ਚੁੱਕੀ ਤਿਆਰ ਹੁੰਦੀਆਂ ਰਹੀਆਂ।

ਡੇਰੇ ਵਾਲੇ ਬਾਬਾ ਜੀ ਨੂੰ ਇਹੋ ਜਿਹੀਆਂ ਭੇਡਾਂ ਦੀ ਹੀ ਹਰ ਵੇਲੇ ਲੋੜ ਰਹਿੰਦੀ ਹੈ। ਉਨ੍ਹਾਂ ਨੂੰ ਬੰਦਿਆਂ ਦੀ ਨਹੀਂ ਭੇਡਾਂ ਦੀ ਲੋੜ ਹੈ। ਇੱਕ ਭੇਡ ਜਿਹੀ ਭਗਤਣੀ ਬਾਬਿਆਂ ਦੀ ਮਹਿਮਾ ਗਾਉਂਦੀ ਹੋਈ ਦੂਸਰੀ ਨੂੰ ਆਖਦੀ ਹੈ, 'ਭੈਣੇ ਬਾਬਿਆਂ ਦੀਆਂ ਕਿਆ ਬਾਤਾਂ। ਦਿਨ ਨੂੰ ਤਾਰੇ ਦਿਖਾ ਦੇਣ। ਰਾਤ ਨੂੰ ਸੂਰਜ ਚੜ੍ਹਾ ਸਕਦੇ ਨੇ। ਊਦ ਬਲਾਵਾਂ ਉਨ੍ਹਾਂ ਸਾਹਮਣੇ ਕੁਮਕਦੀਆਂ ਨੀਂ। ਹਥੇਲੀ 'ਤੇ ਸਰ੍ਹੋਂ ਜਮਾ ਦਿੰਦੇ ਨੇ ਬਾਬੇ... ਹਵਾ 'ਚੋਂ ਸੋਨਾ ਬਰਸਾ ਦਿੰਦੇ ਐ...।'

ਦੂਸਰੀ ਭੇਡ ਭਗਤਣੀ ਝੱਟ ਹਵਾ 'ਚ ਹੱਥ ਜੋੜ ਆਖ ਦਿੰਦੀ ਹੈ, 'ਧੰਨ ਧੰਨ ਬਾਬਾ ਬਟੇਰਿਆਂ ਵਾਲੇ...। ਧੰਨ-ਧੰਨ ਬਾਬਾ ਜਠੇਰਿਆਂ ਵਾਲੇ...।'

ਇੱਕ ਨੇ ਆਖੀ, 'ਦੂਸਰੇ ਨੇ ਜਾਣੀ, ਤੀਸਰੇ ਨੇ ਸੁਣੀ ਹੋ ਗਏ ਸਭ ਦੇ ਸਭ ਬ੍ਰਹਮ ਗੁਣੀ।'

ਬਾਬਾ ਜੀ ਨੇ ਇੱਕ ਲਕੀਰ ਖਿੱਚੀ। ਭਗਤਾਂ ਨੇ ਲਕੀਰ ਦੇਖੀ। ਲਕੀਰ 'ਤੇ ਤੁਰ ਪਈ ਡਾਰ ਦੀ ਡਾਰ। ਚੁੱਕੀ ਫਿਰਦੀ ਆਪਣਾ ਭਾਰ... ਅੰਨ੍ਹੇ ਤੁਰਦੇ ਮਾਰੋ ਮਾਰ, ਬਾਬਾ ਜੀ ਲਾਓ ਬੇੜਾ ਪਾਰ...ਭੁੱਲਾਂ ਬਖਸ਼ੋ ਗਏ ਆਂ ਹਾਰ, ਬਾਬਾ ਜੀ ਦਿਓ ਬੇੜਾ ਤਾਰ...। ਡੇਰਿਆਂ ਵੱਲ ਜਾਂਦੀਆਂ ਧਾੜਾਂ ਦੀਆਂ ਧਾੜਾਂ, ਦੇਖ-ਦੇਖ ਬਾਬੇ ਮੁਸ਼ਕੀ ਹੱਸਣ, ਬਾਬਿਆਂ ਦੀਆਂ ਹੋਈਆਂ ਜਾਂਦੀਆਂ ਪੌਂ ਬਾਰਾਂ।

ਭਗਤਾਂ ਦੀ ਭੀੜ ਬਾਬਿਆਂ ਨੂੰ ਅਰਜ਼ ਕਰੇ, 'ਅਕਲਾਂ ਦੇ ਭਾਮੇਂ ਅੰਨ੍ਹੇ ਹਾਂ, ਗੰਢ ਦੇ ਪਰ ਹਾਂ ਪੂਰੇ ਬਾਬਾ ਜੀ।'

ਲਕੀਰ ਦੇ ਫਕੀਰ ਹਾਂ ਭਾਵੇਂ ਪਰ ਤੇਰੇ ਹੀ ਬੰਦੇ ਹਾਂ ਸੂਰੇ ਬਾਬਾ ਜੀ।'ਹਰ ਡੇਰੇ ਦੀ ਆਪਣੀ ਲਕੀਰ ਹੈ। ਹਰ ਕੋਈ ਆਖਦਾ ਹੈ ਕਿ ਉਹ ਲਕੀਰ ਸਿੱਧੀ ਸੁਰਗ ਲੋਕ ਵੱਲ ਜਾਂਦੀ ਹੈ। ਅਸੀਂ ਅੱਖਾਂ ਮੀਟ-ਮੀਟ ਉਨ੍ਹਾਂ ਲਕੀਰਾਂ 'ਤੇ ਤੁਰਦੇ ਜਾ ਰਹੇ ਹਾਂ। ਤੁਰ-ਤੁਰ ਹੰਭ ਰਹੇ ਹਾਂ। ਲੱਭਦੇ ਅਸੀਂ ਖੰਭ ਰਹੇ ਹਾਂ। ਸੁਰਗ ਲੋਕ ਦੀ ਭਾਲ ਵਿੱਚ ਨਰਕ ਭੋਗਦੇ-ਭੋਗਦੇ ਨਰਕਵਾਸੀ ਬਣਦੇ ਜਾ ਰਹੇ ਹਾਂ। ਬਾਬਾ ਜੀ ਦੂਸਰੇ ਕੰਢੇ ਖਲੋਤੇ ਹਾਕਾਂ ਮਾਰ ਸੱਦ ਰਹੇ ਹਨ।

'ਭਗਤੋ ਮਾਰੋ ਛਲਾਂਗ... ਹੋ ਜੂ ਬੇੜਾ ਪਾਰ।'

ਇੱਕ ਭੇਡ ਨਦੀ 'ਚ ਕੁੱਦ ਗਈ ਹੈ। ਦੂਸਰੀ ਵੀ ਪਿੱਛੇ ਕੁੱਦ ਗਈ ਹੈ। ਵਾਰੋ-ਵਾਰੀ ਸਾਰੀਆਂ ਨੇ ਛਾਲਾਂ ਮਾਰ ਦਿੱਤੀਆਂ ਹਨ, ਸਭ ਰੁੜ੍ਹ ਰਹੀਆਂ ਹਨ। ਸੁਰਗ ਦੀ ਭਾਲ ਵਿੱਚ ਰੁੜ੍ਹ ਰਹੀਆਂ ਹਨ। ਗੋਤੇ ਖਾ ਰਹੀਆਂ ਹਨ, ਡੁੱਬ ਰਹੀਆਂ ਹਨ। ਬਾਬਾ ਜੀ ਅਜੇ ਵੀ ਲਾਰੇ ਲਾ ਰਹੇ ਹਨ, ਸੁਰਗਾਂ ਦੇ ਝੂਟੇ ਦਿਲਾ ਰਹੇ ਹਨ। ਚਿਮਟਾ ਖੜਕਾ ਰਹੇ ਹਨ। ਭੇਡਾਂ ਚੀਕਦੀਆਂ ਹਨ, 'ਬਾਬਾ ਜੀ ਅਸੀਂ ਤਾਂ ਮਾਰੀਆਂ ਗਈਆਂ। ਡੁੱਬ ਗਈਆਂ ਜੀ ਅਸੀਂ ਤਾਂ...।' ਬਾਬਾ ਜੀ ਹੱਸ ਕੇ ਇਲਹਾਮ ਕਰਦੇ ਹਨ, 'ਭਗਤਣੀਆਂ ਸਿੱਧੀਆਂ ਸੁਰਗ ਜਾ ਰਹੀਆਂ ਹਨ। ਸਣੇ ਸਰੀਰ ਸੁਰਗਾਂ 'ਚ ਐਂਟਰ ਕਰਨਗੀਆਂ ਜੋ ਡੁੱਬੇਗਾ, ਉਹੀ ਤਰੇਗਾ। ਡੁੱਬ ਕੇ ਹੀ ਪਾਈਏ ਮਹਾਂ ਪਰਮਾਨੰਦ। ਬੱਸ ਅੱਖਾਂ ਮੀਟ ਲਓ, ਸੁਰਗਾਂ ਦੇ ਗੇਟ ਖੁੱਲ੍ਹ ਰਹੇ ਹਨ ਥੋਡੇ ਲਈ... ਲਕੀਰ ਦੇ ਫਕੀਰ ਬਣੇ ਰਹੋ। ਦੇਵਤੇ ਥੋਡੀ ਉਡੀਕ ਕਰ ਰਹੇ ਹਨ।'

'ਪਰ ਬਾਬਾ ਜੀ ਅਸੀਂ ਤਾਂ ਰੁੜ੍ਹ ਗਏ...।'

ਲਕੀਰ ਦੇ ਫਕੀਰਾਂ ਦੀਆਂ ਆਵਾਜ਼ਾਂ ਬਾਬਾ ਜੀ ਦੇ ਚਿਮਟੇ ਦੀ ਟਨ ਟਨ ਵਿੱਚ ਕਿਸੇ ਨੂੰ ਸੁਣਾਈ ਨਹੀਂ ਦਿੰਦੀਆਂ।

'ਹੇ ਸੱਚੇ ਪਾਸ਼ਾਹ... ਇਨ੍ਹਾਂ ਨੂੰ ਅਕਲਾਂ ਦੇ ਖਜ਼ਾਨੇ ਬਖ਼ਸ਼...।' ਇੱਕ ਪਤਲੀ ਜਿਹੀ ਆਵਾਜ਼ ਹਾਲੇ ਵੀ ਰੁੜ੍ਹੇ ਜਾਂਦੇ ਸ਼ਰਧਾਲੂਆਂ ਦੇ ਕੰਨਾਂ 'ਚ ਪੈ ਰਹੀ ਹੈ। 'ਤਥਾ ਅਸਤੂ ! ਹਰੀ ਹਰ।' ਕਿਵੇਂ ਡੁੱਬਦੇ ਜਾਣਗੇ ਤਰ।'

-ਕੇ. ਐਲ. ਗਰਗ

ਮੂੰਹੋਂ ਨਿਕਲੀ ਗੱਲ.......

* ਕੈਪਟਨ ਗੁੱਟ ਦੇ ਮੰਨੇ ਜਾਂਦੇ ਵਿਧਾਇਕ ਵੀ ਭੱਠਲ ਕੋਲ ਦਿੱਲੀ ਪੁੱਜੇ
- ਲੀਡਰਾਂ ਦਾ ਕੋਈ ਗੁੱਟ ਨੀਂ ਹੁੰਦਾ, ਇਹ ਤਾਂ ਸਾਧ ਦੀ ਕੁੱਤੀ ਵਾਂਗ ਜਿਹਦੀ ਢੂਹੀ ਨੂੰ ਆਟਾ ਲੱਗਿਆ ਵੇਖ ਲੈਣ ਉਹਦੇ ਮਗਰ ਈ ਤੁਰ ਪੈਂਦੇ ਆ, ਬਈ ਇਥੋਂ ਰੋਟੀ ਮਿਲੂ।
* ਰਾਜਸਥਾਨ ਪੁਲਿਸ ਨੇ ਜਥੇਦਾਰ ਨੰਦਗੜ੍ਹ ਦਾ ਕਾਫ਼ਲਾ ਸੀਮਾ 'ਤੇ ਰੋਕਿਆ, ਜਥੇਦਾਰ ਦਾ ਧਰਨਾ ਜਾਰੀ
- ਚਲੋ ਜਾਨ ਛੁੱਟੀ! ਹੁਣ ਮਨਾ ਲਿਆਓ।
* ਖਾਲਸਾ ਐਕਸ਼ਨ ਕਮੇਟੀ ਵੱਲੋਂ ਜਥੇਦਾਰ ਨੰਦਗੜ੍ਹ ਵੱਲੋਂ ਦਿੱਤੇ ਜਾ ਰਹੇ ਧਰਨੇ 'ਚ ਸ਼ਾਮਿਲ ਹੋਣ ਦਾ ਐਲਾਨ
- ਆਹ ਕੀ ਸਿਆਪਾ ਪਾ ਤਾ ਜਥੇਦਾਰ ਨੂੰ? ਜਥੇਦਾਰ ਨੂੰ ਹੁਣ ਧਰਨਾ ਛੱਡ ਕੇ ਭੱਜਣਾ ਪਊ?
* ਮੋਟਰ ਸਾਈਕਲ ਦਾ ਨੰਬਰ ਲਗਾ ਕੇ ਟਰੱਕ ਚਲਾਉਂਦਾ ਕਾਬੂ
- ਲਾਇਸੰਸ ਵੀ ਵੇਖ ਲੈਣਾ ਸੀ! ਮੋਟਰ ਸਾਇਕਲ ਦਾ ਸੀ ਜਾਂ ਟਰੱਕ ਦਾ?
* ਕਾਂਗਰਸ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲਅੰਦਾਜ਼ੀ ਬੰਦ ਕਰੇ- ਭਾਜਪਾ ਪ੍ਰਧਾਨ ਰਾਜਨਾਥ ਸਿੰਘ
- ਆਪਣੇ ਜਮੂਰਿਆਂ ਨੂੰ ਵੀ ਰੋਕ ਲਓ, ਜਿਨ੍ਹਾਂ ਨੂੰ ਸੰਤ ਭਿੰਡਰਾਂਵਾਲਿਆਂ ਦੀ ਫੋਟੋ ਸੌਣ ਨੀਂ ਦਿੰਦੀ।
* ਪੰਚਾਇਤੀ ਚੋਣਾਂ ਅਪ੍ਰੈਲ ਦੇ ਸ਼ੁਰੂ 'ਚ
- ਮਤਲਬ ਸਾਰਾ ਮਾਰਚ ਮਹੀਨਾ ਪੀਣ ਦੇ ਨਜ਼ਾਰੇ!
* ਬਾਦਲ ਸਰਕਾਰ ਡੇਰਾ ਮੁਖੀ ਵਿਰੁੱਧ ਕਾਰਵਾਈ ਕਰੇ
- ਕੀ ਗੱਲ ਅਗਲੇ ਨੇ ਲੋਕ ਸਭਾ ਚੋਣਾਂ 'ਚ ਪ੍ਰੇਮੀਆਂ ਦੀਆਂ ਵੋਟਾਂ ਨੀ ਲੈਣੀਆਂ?
* ਡੂਮਣੇ ਨੇ ਬਰਾਤੀਆਂ ਨੂੰ ਵਕਤ ਪਾਇਆ
- ਕੁੜੀ ਵਾਲੇ ਕਹਿੰਦੇ ਹੋਣੇ ਆ, ਖਰੇ ਬਰਾਤੀ ਨੱਚਦੇ ਆ।
* ਨਾਨਕਸ਼ਾਹੀ ਕੈਲੰਡਰ ਬਾਰੇ ਜਥੇਦਾਰ ਵੇਦਾਂਤੀ ਦੀ ਕਮੇਟੀ ਨਾਲ ਸੰਤ ਸਮਾਜ ਗੱਲ ਨਹੀਂ ਕਰੇਗਾ-ਸੰਤ ਸਮਾਜ
- ਕਿਉਂਕਿ ਆਰ. ਐਸ. ਐਸ. ਹਾਈ ਕਮਾਂਡ ਦਾ ਇਹੀ ਆਦੇਸ਼ ਹੈ।
* ਖਾਲਸਾ ਹੈਰੀਟੇਜ ਕੰਪਲੈਕਸ ਦਾ ਰਸਮੀਂ ਉਦਘਾਟਨ ਵਿਸਾਖੀ 'ਤੇ
- ਵਿਸਾਖੀ ਤਾਂ ਹਰ ਸਾਲ ਆਉਂਦੀ ਹੈ। 1999 ਤੋਂ ਬਾਅਦ ਅੱਠ-ਨੌਂ ਲੰਘ ਚੁੱਕੀਆਂ ਨੇ।
* ਕਾਬੁਲ ਦੇ ਲੋਕਾਂ ਦਾ ਪਸੰਦੀਦਾ ਸ਼ੌਂਕ ਕੁੱਤਿਆਂ ਦੀ ਲੜਾਈ
- 40 ਸਾਲ ਹੋ ਗਏ ਲੜਦਿਆਂ ਨੂੰ, ਸ਼ੌਂਕ ਵੀ ਲੜਾਈਆਂ ਦੇ ਹੀ ਹੋਣਗੇ।
* ਇਨਸਾਫ਼ ਰੈਲੀ 'ਚ ਹਿੱਸਾ ਲੈਣ ਵਾਲਿਆਂ ਲਈ ਲੰਗਰ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਜ਼ੁੰਮੇ ਲੱਗਾ, ਗੁਰਦੁਆਰਿਆਂ ਨੂੰ ਪੰਜਾਹ-ਪੰਜਾਹ ਕੁਇੰਟਲ ਆਟਾ ਗੁੰਨਣ ਦਾ ਹੋਇਆ ਹੁਕਮ
- ਭੁੱਕੀ ਅਤੇ ਅਫੀਮ ਵੀ ਵਾਹਵਾ ਲੱਗ ਜਾਊ। ਵਾਪਸੀ 'ਤੇ ਸੋਮਰਸ ਵੀ ਚਾਹੀਦੈ। ਉਹਦਾ ਪ੍ਰਬੰਧ ਪੌਂਟੀ ਚੱਢਾ ਕਰੂ?

-ਮੌਜੀ ਠਾਕੁਰ